ਕੀ ਇਹ ਅੰਕੜੇ ਬਰੈਂਪਟਨ ਖਿਲਾਫ਼ ਬੀਮਾ ਧਰੋਹ ਕਰਨ ਦੀ ਇਜ਼ਾਜਤ ਦੇਂਦੇ ਹਨ? ਮੇਧਾ ਜੋਸ਼ੀ ਅਤੇ ਉਸਦੇ ਵਕੀਲ ਨੇ ਕਨੂੰਨੀ ਦਾਅਵਾ ਦਾਖ਼ਲ ਕਰਨ ਤੋਂ ਬਾਅਦ ਕਿਹਾ ਹੈ ਕਿ ਬਰੈਂਪਟਨ ਵਾਸੀ ਇਕੱਲੇ 2 ਆਪੋ ਆਪਣਾ ਕੇਸ ਮਨੁੱਖੀ ਅਧਿਕਾਰ ਕਮਿਸ਼ਨ ਕੋਲ ਉਠਾ ਸਕਦੇ ਹਨ। ਅਸੀਂ ਸਮਝਦੇ ਹਾਂ ਕਿ ਮਨੁੱਖੀ ਅਧਿਕਾਰ ਕਮਿਸ਼ਨ ਦੀ ਥਾਂ ਕਮਿਉਨਿਟੀ ਦੇ ਸਿਆਣੇ ਅਤੇ ਪਾਰਖੂ ਵਕੀਲਾਂ ਨੂੰ ਡੂੰਘਾਈ ਨਾਲ ਮਾਮਲੇ ਦੀ ਕਨੂੰਨੀ ਨੁਕਤੇ ਨਜ਼ਰ ਤੋਂ ਜਾਂਚ ਕਰਨੀ ਚਾਹੀਦੀ ਹੈ। ਤੱਥ ਇੱਕਤਰ ਕਰਨ ਤੋਂ ਬਾਅਦ ਸਮੂਹ ਬੀਮਾ ਕੰਪਨੀਆਂ ਦੇ ਪਰਦੇ ਫਾਸ਼ ਕਰਕੇ ਕਲਾਸ ਐਕਸ਼ਨ ਦਾਖ਼ਲ ਕੀਤਾ ਜਾਣਾ ਚਾਹੀਦਾ ਹੈ। ਸਿਆਸੀ ਪਾਰਟੀਆਂ ਨੇ ਹੁਣ ਤੱਕ ਗੱਲਾਂ ਤੋਂ ਇਲਾਵਾ ਖਪਤਕਾਰਾਂ ਖਾਸ ਕਰਕੇ ਬਹੁ-ਗਿਣਤੀ ਪਰਵਾਸੀ ਪੋਸਟਲ ਕੋਡ ਇਲਾਕਿਆਂ ਲਈ ਕੁੱਝ ਨਹੀਂ ਕੀਤਾ ਹੈ। ਸਾਬਕਾ ਲਿਬਰਲ ਵਿੱਤ ਮੰਤਰੀ ਚਾਰਲਸ ਸੂਸਾ ਵੱਲੋਂ 15% ਆਟੋ ਦਰਾਂ ਘੱਟ ਕਰਨ ਦੇ ਬਿਆਨ ਦੇ ਡਰਾਮੇ ਤੋਂ ਐਨ ਡੀ ਪੀ ਦੇ ਗੈਰ-ਸਾਰਥਕ ਯਤਨਾਂ ਤੋਂ ਲੈ ਕੇ ਵਰਤਮਾਨ ਟੋਰੀ ਬਿੱਲ ਸੀ 42 ਤੱਕ ਕੁੱਝ ਹਾਸਲ ਨਹੀਂ ਕੀਤਾ ਜਾ ਸਕਿਆ ਹੈ। ਸਿੱਟਾ ਉਸ ਵੇਲੇ ਵਧੇਰੇ ਚੰਗਾ ਨਿਕਲ ਸਕੇਗਾ ਜਦੋਂ ਅਦਾਲਤ ਦਾ ਡੰਡਾ ਕੰਪਨੀਆਂ ਦੇ ਸਿਰ ਆਣ ਪਵੇਗਾ।

## ਪੰਚਾਇਤੀ ਚੋਣਾਂ ਵਿੱਚ ਐਨ ਓ ਸੀ ਸ਼ਰਤ ਖਤਮ, ਐਫੀਡੇਵਿਟ ਨਾਲ ਵੀ ਕੰਮ ਚੱਲੇਗਾ

ਤਰਨ ਤਾਰਨ, 17 ਦਸੰਬਰ (ਪੋਸਟ ਬਿਊਰੋ)- ਪੰਜਾਬ ਵਿੱਚ 30 ਦਸੰਬਰ ਨੂੰ ਹੋ ਰਹੀਆਂ ਪੰਚਾਇਤੀ ਚੋਣਾਂ ਦੇ ਲਈ ਨਾਮਜ਼ਦਗੀ ਪੱਤਰ ਦਾਖਲ ਕਰਨ ਸਮੇਂ ਉਮੀਦਵਾਰਾਂ ਨੂੰ ਸਬੰਧਤ ਬੀ ਡੀ ਪੀ ਓ ਕੋਲੋਂ ਕੋਈ ਬਕਾਇਆ ਨਹੀਂ ਜਾਂ ਐਨ ਓ ਸੀ ਸਰਟੀਫਿਕੇਟ ਲੈਣ ਦੀ ਸ਼ਰਤ ਕਾਰਨ ਖਾਸ ਹਰ ਵਾਰ ਸੱਤਾ ਵਿਰੋਧੀ ਪਾਰਟੀਆਂ ਦੇ ਉਮੀਦਵਾਰਾਂ ਲਈ ਮੁਸੀਬਤ ਬਣ ਜਾਂਦੀ ਸੀ। ਇਸ ਵਾਰ ਅਕਾਲੀ ਦਲ ਅਤੇ ਦੂਜੀਆਂ ਪਾਰਟੀਆਂ ਵਾਲੇ ਦੋਸ਼ ਲਾ ਰਹੇ ਸਨ ਕਿ ਕਾਂਗਰਸ ਦੇ ਸਿਆਸੀ ਦਬਾਅ ਹੇਠ ਸਬੰਧਤ ਅਧਿਕਾਰੀਆਂ ਵੱਲੋਂ ਪੰਚਾਇਤੀ ਜਾਣਬੁੱਝ ਕੇ ਇਹ ਸਰਟੀਫਿਕੇਟ ਜਾਰੀ ਨਹੀਂ ਕੀਤੇ ਜਾ ਰਹੇ।

ਇਸ ਸਮੱਸਿਆ ਨੂੰ ਹੱਲ ਕਰਦਿਆਂ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਵੱਲੋਂ ਪੰਜਾਬ ਦੇ ਸਾਰੇ ਜ਼ਿਲਾ ਚੋਣ ਅਫਸਰਾਂ-ਕਮ-ਡਿਪਟੀ ਕਮਿਸ਼ਨਰਾਂ ਅਤੇ ਸਹਾਇਕ ਜ਼ਿਲਾ ਚੋਣ ਅਧਿਕਾਰੀਆਂ ਨੂੰ ਪੱਤਰ ਜਾਰੀ ਕਰਕੇ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ ਕਿ ਚੋਣਾਂ ਵਿੱਚ ਨਾਮਜ਼ਦਗੀ ਪੱਤਰ ਦਾਖਲ ਕਰਨ ਦਾ ਘੱਟ ਸਮਾਂ ਹੋਣ ਕਰਕੇ ਜਿਹੜੇ ਉਮੀਦਵਾਰ ਨੂੰ 'ਨੋ ਆਬਜੈਕਸ਼ਨ ਸਰਟੀਫਿਕੇਟ' ਅਤੇ 'ਨੋ ਡਿਊ ਸਰਟੀਫਿਕੇਟ' ਸਬੰਧਤ ਅਧਿਕਾਰੀਆਂ ਤੋਂ ਲੈਣ ਲਈ ਮੁਸ਼ਕਿਲ ਆਉਂਦੀ ਹੈ ਜਾਂ ਉਹ ਕਿਸੇ ਕਾਰਨ ਵੀ ਸਰਟੀਫਿਕੇਟ ਹਾਸਲ ਕਰਨ ਵਿੱਚ ਅਸਮਰੱਥ ਹੁੰਦੇ ਹਨ, ਉਹ ਨਾਮਜ਼ਦਗੀ ਪੱਤਰ ਦਾਖਲ ਕਰਨ ਵਾਲੇ ਐਫੀਡੇਵਿਟ ਦੀ ਪੇਸ਼ ਕਰ ਦੇਣ ਕਿ ਉਸ ਵੱਲ ਸਰਕਾਰ ਦਾ ਕੋਈ ਬਕਾਇਆ ਨਹੀਂ ਤੇ ਚੋਣ ਲੜ ਸਕਦੇ ਹਨ। ਉਹ ਇਹ ਐਫੀਡੇਵਿਟ ਆਪਣੇ ਨਾਮਜ਼ਦਗੀ ਪੱਤਰ ਨਾਲ ਲਾ ਕੇ ਸਬੰਧਤ ਰਿਟਰਨਿੰਗ ਅਫਸਰ ਨੂੰ ਦੇ ਸਕਦੇ ਹਨ ਅਤੇ ਸਬੰਧਤ ਚੋਣ ਅਧਿਕਾਰੀ ਵੱਲੋਂ ਉਸ ਨੂੰ ਸਵੀਕਾਰ ਕੀਤਾ ਜਾਵੇਗਾ ਅਤੇ ਜੇ ਉਸ ਦਾ ਇਹ ਐਫੀਡੇਵਿਟ ਦਰੁਸਤ ਪਾਇਆ ਜਾਂਦਾ ਹੈ ਤਾਂ ਉਹ ਪੰਚਾਇਤੀ ਚੋਣ ਲੜਨ ਦੇ ਯੋਗ ਪਾਇਆ ਜਾਵੇਗਾ। ਨਵੀਂਆਂ ਹਦਾਇਤਾਂ ਵਿੱਚ ਇਹ ਵੀ ਦਰਜ ਹੈ ਕਿ ਸਬੰਧਤ ਚੋਣ ਅਧਿਕਾਰੀ ਇਸ ਐਫੀਡੇਵਿਟ ਦੀ ਰਿਪੋਰਟ ਤੁਰੰਤ ਸਬੰਧਤ ਬਲਾਕ ਅਧਿਕਾਰੀ ਤੋਂ 24 ਘੰਟੇ ਵਿੱਚ ਹਾਸਲ ਕਰੇ। ਜੇ ਸਬੰਧਤ ਬਲਾਕ ਅਧਿਕਾਰੀ ਇਸ ਦੀ ਰਿਪੋਰਟ ਨਹੀਂ ਭੇਜਦਾ ਹੈ ਤਾਂ ਨਾਮਜ਼ਦਗੀ ਦਾਖਲ ਕਰਨ ਵਾਲੇ ਉਮੀਦਵਾਰ ਨੂੰ ਚੋਣ ਲੜਨ ਲਈ ਯੋਗ ਸਮਝਿਆ ਜਾਵੇ। ਪੰਜਾਬ ਦੇ ਮੁੱਖ ਚੋਣ ਅਧਿਕਾਰੀ ਦੀਆਂ ਇਨ੍ਹਾਂ ਹਦਾਇਤਾਂ ਨਾਲ ਚੋਣਾਂ ਲੜਨ ਦੇ ਉਨ੍ਹਾਂ ਉਮੀਦਵਾਰਾਂ ਦਾ ਰਾਹ ਸੌਖਾ ਹੋਵੇਗਾ, ਜਿਹੜੇ ਆਪਣੇ ਵਿਰੋਧੀਆਂ ਕਾਰਨ ਐਨ ਓ ਸੀ ਸਰਟੀਫਿਕੇਟ ਹਾਸਲ ਕਰਨ ਵਿੱਚ ਨਾਕਾਮਯਾਬ ਹੋ ਰਹੇ ਹਨ ਅਤੇ ਉਨ੍ਹਾਂ ਦੇ ਚੋਣ ਲੜਨ ਦੇ ਆਸਾਰ ਬਹੁਤ ਹੀ ਘੱਟ ਬਣੇ ਹੋਏ ਸਨ।

A-One Drivers
TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਉਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ



Aikam MEDIA GROUP
Radio Punjab
Monday to Friday
2:00PM to 3:00PM on 89.5 FM
Aikam TV
Every Saturday on Vision TV
Canada Wide
10:00PM to 11:00PM EST
7:00PM to 8:00PM PST
Aikam Arts Academy
Learn Indian Classical Music
Instruments
Folk Dances
Amarjit S Rai
www.aikam.com
For Advertisement on Radio & TV or Learn Indian Classical Music, Instruments and Folk Dances
905-612-1313 info@aikam.com



## ਸਿੱਖ ਕਤਲੇਆਮ ਕੇਸ: ਇਨਸਾਫ਼ ਲਈ 34 ਸਾਲ ਉਡੀਕ ਮਗਰੋਂ ਸੱਜਣ ਕੁਮਾਰ ਨੂੰ ਉਮਰ ਕੈਦ ਦੀ ਸਜ਼ਾ

...ਪੰਨਾ 1 ਦਾ ਬਾਕੀ

ਅੱਜ ਦੇ ਫੈਸਲੇ ਵਿੱਚ ਹਾਈ ਕੋਰਟ ਦੇ ਬੈਂਚ ਨੇ ਦੰਗਿਆਂ ਨੂੰ 'ਮਨੁੱਖਤਾ ਖ਼ਿਲਾਫ਼ ਅਪਰਾਧ' ਮੰਨ ਕੇ ਕਿਹਾ ਕਿ ਇਹ ਕੰਮ ਉਨ੍ਹਾਂ ਨੇ ਕੀਤਾ, ਜਿਨ੍ਹਾਂ ਨੂੰ 'ਸਿਆਸੀ ਸਰਪ੍ਰਸਤੀ' ਹਾਸਲ ਸੀ। ਫੈਸਲੇ ਵਿੱਚ 73 ਸਾਲਾ ਸੱਜਣ ਕੁਮਾਰ ਤੇ ਕੇਸ ਨਾਲ ਸਬੰਧਤ ਪੰਜ ਹੋਰ ਦੋਸ਼ੀਆਂ ਨੂੰ ਹਾਈ ਕੋਰਟ ਨੇ 31 ਦਸੰਬਰ ਤਕ ਸਮਰਪਣ ਕਰਨ ਲਈ ਕਹਿ ਕੇ ਦਿੱਲੀ ਤੋਂ ਬਾਹਰ ਨਾ ਜਾਣ ਦਾ ਹੁਕਮ ਕੀਤਾ ਹੈ। ਆਪਣੇ 207 ਸਫ਼ਿਆਂ ਦੇ ਫੈਸਲੇ ਵਿੱਚ ਕੋਰਟ ਨੇ ਕਿਹਾ ਕਿ ਸਾਲ 2005 ਵਿੱਚ ਕੇਸ ਸੀ ਬੀ ਆਈ ਨੂੰ ਸੌਂਪਣ ਤਕ ਦਸ ਕਮੇਟੀਆਂ ਤੇ ਕਮਿਸ਼ਨਾਂ ਨੂੰ ਅਪਰਾਧੀਆਂ ਦੀ ਭੂਮਿਕਾ ਲੱਭਣ ਨੂੰ 21 ਸਾਲ ਲੱਗ ਗਏ। ਕੋਰਟ ਨੇ ਕਿਹਾ ਕਿ ਸੀ ਬੀ ਆਈ ਕੋਲ ਜਾਂਚ ਦਾ ਕੰਮ ਜਾਣ ਪਿੱਛੋਂ ਸੀਨੀਅਰ ਵਕੀਲ ਐਚ ਐਸ ਫੂਲਕਾ ਦੀ ਨੁਮਾਇੰਦਗੀ ਵਾਲੇ ਗਵਾਹ ਬੋਲਣ ਦਾ ਹੌਸਲਾ ਕਰ ਸਕੇ। ਕੋਰਟ ਨੇ ਕਿਹਾ ਕਿ ਦੰਗਿਆਂ ਵੇਲੇ ਕੌਮੀ ਰਾਜਧਾਨੀ ਵਿੱਚ 27 ਸੌ ਤੋਂ ਵੱਧ ਸਿੱਖਾਂ ਦੇ ਕਤਲ ਹੋਣ ਮੌਕੇ ਦਿੱਲੀ ਪੁਲੀਸ ਨੇ ਜਿਵੇਂ ਕਾਰਵਾਈ ਕੀਤੀ, ਉਸ ਤੋਂ ਸਾਫ਼ ਹੈ ਬੇਰਹਿਮੀ ਨਾਲ ਕੀਤੇ ਇਨ੍ਹਾਂ ਕਤਲਾਂ ਪਿੱਛੇ ਪੁਲੀਸ ਦੀ ਕਿਤੇ ਸਰਗਰਮ ਮਿਲੀਭੁਗਤ ਸੀ। ਕੋਰਟ ਨੇ ਕਿਹਾ ਕਿ ਦੇਸ਼ ਵਿੱਚ ਨਾ 'ਮਨੁੱਖਤਾ ਦੇ ਖ਼ਿਲਾਫ਼ ਅਪਰਾਧ' ਅਤੇ ਨਾ 'ਨਸਲਕੁਸ਼ੀ' ਅਪਰਾਧਾਂ ਬਾਰੇ ਘਰੇਲੂ ਕਾਨੂੰਨ ਦਾ ਹਿੱਸਾ ਹਨ ਅਤੇ ਇਹ ਚੋਰ ਮੋਰੀਆਂ ਫੌਰੀ ਬੰਦ ਕਰਨ ਦੀ ਲੋੜ ਹੈ। ਹਾਈ ਕੋਰਟ ਵੱਲੋਂ ਉਮਰ ਕੈਦ ਦੀ ਸਜ਼ਾ ਕੀਤੇ ਜਾਣ ਦੇ ਫ਼ੈਸਲੇ ਖ਼ਿਲਾਫ਼ ਕਾਂਗਰਸੀ ਆਗੂ ਸੱਜਣ ਕੁਮਾਰ ਸੁਪਰੀਮ ਕੋਰਟ ਜਾਏਗਾ। ਉਸ ਦੇ ਵਕੀਲ ਅਨਿਲ ਸ਼ਰਮਾ ਨੇ ਕਿਹਾ ਕਿ ਕੋਰਟ ਦਾ ਫ਼ੈਸਲਾ ਦੋ ਸੌ ਤੋਂ ਵੱਧ ਸਫ਼ਿਆਂ ਦਾ ਹੈ ਤੇ ਇਸ ਨੂੰ ਧਿਆਨ ਨਾਲ ਪੜ੍ਹਨ ਲਈ ਸਮਾਂ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਫ਼ੈਸਲਾ ਪੜ੍ਹਨ ਪਿੱਛੋਂ ਉਹ ਸੁਪਰੀਮ ਕੋਰਟ ਤੱਕ ਪਹੁੰਚ ਕਰਨਗੇ। ਵਕੀਲ ਦੇ ਮੁਤਾਬਕ ਸੱਜਣ ਕੁਮਾਰ ਨੂੰ ਆਤਮ ਸਮਰਪਣ ਲਈ 31 ਦਸੰਬਰ ਤਕ ਦਾ ਸਮਾਂ ਮਿਲਿਆ ਹੈ, ਇਸ ਤੋਂ ਪਹਿਲਾਂ ਇਸ ਫੈਸਲੇ ਨੂੰ ਸੁਪਰੀਮ ਕੋਰਟ ਵਿੱਚ ਚੁਣੌਤੀ ਦਿੱਤੀ ਜਾਵੇਗੀ।

ਪੰਜਾਬੀ ਪੋਸਟ
Canadian Punjabi Post
Head Office
27 Armthorpe Road, Unit # 3
Brampton, Ontario, L6T 5M4
Ph. 905-793-2202
Fax. 905-793-2282

| | |
|---|---|
| Founder Editor | - Jagdish Singh Grewal |
| Managing Director | - Parminder Kaur Grewal |
| Honorary Editor | - Jatinder Pannu |
| Contributing Editors | - Karam Singh Punia<br>- Gyan Singh<br>- Angrej Singh |
| Office Admin Assistant | - Priya Sodhi |
| Marketing Executives | - HS Nagpal<br>- Gurpreet Singh Pall<br>- |
| Photographer | - Kanwaljit Singh Kanwal |
| Distribution | - Aman Warriach |

Canadian Punjabi Post is published daily (Monday - Friday). All the advertisement contents are the responsibility of the advertisers. The opinions expressed in the articles and columns are those of the writers, editor or any other staff member of Canadian Punjabi Post assumes no responsibility of any kind.

## ਪੀੜਤਾਂ ਨੇ ਕਿਹਾ: ਸੱਜਣ ਕੁਮਾਰ ਨੂੰ ਸਜ਼ਾ ਹੋਣ ਨਾਲ ਰਾਹਤ ਤਾਂ ਮਿਲੀ, ਪਰ ਸੰਘਰਸ਼ ਜਾਰੀ ਰੱਖਾਂਗੇ



ਨਵੀਂ ਦਿੱਲੀ, 17 ਦਸੰਬਰ, (ਪੋਸਟ ਬਿਊਰੋ)- ਕਾਂਗਰਸੀ ਆਗੂ ਸੱਜਣ ਕੁਮਾਰ ਨੂੰ ਦਿੱਲੀ ਹਾਈ ਕੋਰਟ ਵੱਲੋਂ 1984 ਦੇ ਸਿੱਖ ਵਿਰੋਧੀ ਕਤਲੇਆਮ ਦੇ ਕੇਸ ਵਿੱਚ ਉਮਰ ਕੈਦ ਦੀ ਸਜ਼ਾ ਨੂੰ ਦੰਗਾ ਪੀੜਤਾਂ ਨੇ ਥੋੜ੍ਹੀ ਰਾਹਤ ਮੰਨਿਆ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਉਨ੍ਹਾਂ ਨੂੰ ਇਸ ਫੈਸਲੇ ਤੋਂ ਕੁਝ ਰਾਹਤ ਤਾਂ ਮਿਲੀ ਹੈ, ਪਰ ਉਨ੍ਹਾਂ ਦਾ ਨਿਆਂ ਲਈ ਸੰਘਰਸ਼ ਜਾਰੀ ਰਹੇਗਾ। ਪੀੜਤਾਂ ਨੇ ਕਿਹਾ ਕਿ ਉਨ੍ਹਾਂ ਨੂੰ 34 ਸਾਲ ਲੰਮੀ ਉਡੀਕ ਪਿੱਛੋਂ ਨਿਆਂ ਮਿਲਿਆ ਹੈ, ਇਸ ਦੌਰਾਨ ਉਨ੍ਹਾਂ ਨੂੰ ਕਈ ਪਾਸਿਆਂ ਤੋਂ ਧਮਕੀਆਂ ਮਿਲਦੀਆਂ ਰਹੀਆਂ ਤੇ ਉਨ੍ਹਾਂ ਉੱਤੇ ਲਗਾਤਾਰ ਜ਼ੁਲਮ ਵੀ ਕੀਤੇ ਗਏ।

ਇਸ ਬਹੁਤ ਵੱਡੇ ਕਤਲੇਆਮ ਦੀਆਂ ਪੀੜਤ ਜਗਦੀਸ਼ ਕੌਰ ਅਤੇ ਨਰਪ੍ਰੀਤ ਕੌਰ, ਜਿਨ੍ਹਾਂ ਦੇ ਪਰਿਵਾਰ 1984 ਦੇ ਕਹਿਰ ਦੌਰਾਨ ਤਬਾਹ ਹੋ ਗਏ, ਨੇ ਕਿਹਾ ਕਿ 34 ਸਾਲ ਬੜਾ ਲੰਮਾ ਸਮਾਂ ਹੁੰਦਾ ਹੈ, ਪਰ ਉਹ ਇਰਾਦੇ ਉੱਤੇ ਕਾਇਮ ਹਨ ਤੇ ਨਿਆਂ ਲਈ ਜੰਗ ਜਾਰੀ ਰਹੇਗੀ। ਵਰਨਣ ਯੋਗ ਹੈ ਕਿ ਸੱਜਣ ਕੁਮਾਰ ਨੂੰ 1 ਅਤੇ 2 ਨਵੰਬਰ 1984 ਨੂੰ ਦੱਖਣ ਪੱਛਮੀ ਦਿੱਲੀ ਦੀ ਪਾਲਮ ਕਲੋਨੀ ਦੇ ਰਾਜ ਨਗਰ-ਖੇਤਰ ਵਿੱਚ ਜਗਦੀਸ਼ ਕੌਰ ਦੇ ਪਤੀ ਕੇਹਰ ਸਿੰਘ, ਪੁੱਤ ਗੁਰਪ੍ਰੀਤ ਸਿੰਘ ਅਤੇ ਰਿਸ਼ਤੇ ਵਿੱਚੋਂ ਤਿੰਨ ਭਰਾਵਾਂ ਰਘੁਵੇਂਦਰ ਸਿੰਘ, ਨਰਿੰਦਰ ਪਾਲ ਸਿੰਘ ਤੇ ਕੁਲਦੀਪ ਸਿੰਘ ਦੇ ਕਤਲਾਂ ਅਤੇ ਰਾਜ ਨਗਰ 2 ਦਾ ਗੁਰਦੁਆਰਾ ਸਾੜਨ ਨਾਲ ਸਬੰਧਤ ਕੇਸ ਵਿੱਚ ਦੋਸ਼ੀ ਮੰਨ ਕੇ ਸਜ਼ਾ ਸੁਣਾਈ ਗਈ ਹੈ।

ਨਰਪ੍ਰੀਤ ਕੌਰ, ਜਿਸ ਦੇ ਪਿਤਾ ਨੂੰ ਉਸ ਦੇ ਸਾਹਮਣੇ ਜ਼ਿੰਦਾ ਸਾੜ ਦਿੱਤਾ ਗਿਆ ਸੀ, ਨੇ ਕਿਹਾ, 'ਇਸ ਫ਼ੈਸਲੇ ਨਾਲ ਕੁਝ ਰਾਹਤ ਮਿਲੀ ਹੈ, ਪਰ ਅਸੀਂ ਪੂਰੀ ਤਰ੍ਹਾਂ ਸੰਤੁਸ਼ਟ ਨਹੀਂ। ਸਾਨੂੰ ਨਿਆਂ ਪਹਿਲਾਂ ਮਿਲਣਾ ਚਾਹੀਦਾ ਸੀ, ਬਹੁਤ ਦੇਰ ਹੋ ਗਈ ਹੈ। ਮੇਰੇ ਪਿਤਾ ਨੂੰ ਸਮਝੌਤਾ ਕਰਨ ਦਾ ਕਹਿ ਕੇ ਬਾਹਰ ਸੱਦਿਆ ਤੇ ਜ਼ਿੰਦਾ ਸਾੜ ਦਿੱਤਾ ਗਿਆ ਸੀ। ਉਨ੍ਹਾਂ ਤਿੰਨ ਵਾਰ ਖ਼ੁਦ ਨੂੰ ਬਚਾਉਣ ਦਾ ਯਤਨ ਕੀਤਾ, ਪਰ ਕਾਤਲਾਂ ਨੇ ਨਹੀਂ ਛੱਡਿਆ।' ਨਰਪ੍ਰੀਤ ਕੌਰ ਨੇ ਕਿਹਾ ਕਿ ਉਸ ਨੂੰ ਚੁੱਪ ਕਰਾਉਣ ਲਈ ਉਸ ਦੇ ਖ਼ਿਲਾਫ਼ ਕਈ ਝੂਠੇ ਕੇਸ ਦਰਜ ਕੀਤੇ ਗਏ ਤੇ ਉਸ ਨੇ ਨੌਂ ਸਾਲ ਵੱਖ ਵੱਖ ਜੇਲ੍ਹਾਂ ਵਿੱਚ ਬਿਤਾਏ ਸਨ। ਉਸ ਨੇ ਕਿਹਾ ਕਿ ਰਾਹ ਵਿੱਚ ਅੜਿੱਕੇ ਹੋਣ ਦੇ ਬਾਵਜੂਦ ਉਹ ਆਪਣੀ ਲੜਾਈ ਨੂੰ ਜਾਰੀ ਰੱਖੇਗੀ।

## ਫਲਾਈਟ 'ਚ ਹੋਣ ਵਾਲੀ ਦੇਰ ਲਈ ਏਅਰਲਾਈਨ ਨੂੰ ਯਾਤਰੀਆਂ ਨੂੰ ਦੇਣਾ ਹੋਵੇਗਾ ਮੁਆਵਜ਼ਾ

...ਪੰਨਾ 1 ਦਾ ਬਾਕੀ

ਵੱਡੀ ਕਮਰਸ਼ੀਅਲ ਫਲਾਈਟ ਲਈ ਤਿੰਨ ਘੰਟੇ ਦੀ ਹੋਣ ਵਾਲੀ ਦੇਰ ਵਾਸਤੇ 400 ਡਾਲਰ ਦੀ ਘੱਟ ਤੋਂ ਘੱਟ ਛੋਟ ਏਅਰਲਾਈਨ ਨੂੰ ਯਾਤਰੀ ਨੂੰ ਦੇਣੀ ਹੋਵੇਗੀ, ਨੌਂ ਘੰਟੇ ਜਾਂ ਇਸ ਤੋਂ ਵੱਧ ਦੀ ਦੇਰ ਲਈ ਇਹ ਮੁਆਵਜ਼ਾ 1000 ਡਾਲਰ ਤੱਕ ਰੱਖਿਆ ਗਿਆ ਹੈ। ਨਿੱਕੀਆਂ ਏਅਰਲਾਈਨਜ਼ ਲਈ ਘੱਟ ਤੋਂ ਘੱਟ ਮੁਆਵਜ਼ਾ ਵੀ ਰੱਖਿਆ ਗਿਆ ਹੈ।

ਜਿਨ੍ਹਾਂ ਯਾਤਰੀਆਂ ਨੂੰ ਓਵਰਬੁਕਿੰਗ ਕਾਰਨ ਅਚਾਨਕ ਛੱਡ ਦਿੱਤਾ ਜਾਂਦਾ ਹੈ ਜਾਂ ਜਹਾਜ਼ ਦੀ ਨਿਰਧਾਰਤ ਮੇਨਟੇਨੈਂਸ ਲਈ ਜਿਨ੍ਹਾਂ ਯਾਤਰੀਆਂ ਨੂੰ ਰੋਕ ਲਿਆ ਜਾਂਦਾ ਹੈ ਉਹ ਖੜ੍ਹੇ ਪੈਰ 900 ਡਾਲਰ ਮੁਆਵਜ਼ਾ ਹਾਸਲ ਕਰਨ ਦੇ ਦਾਅਵੇਦਾਰ ਹੋ ਜਾਣਗੇ। ਅਜਿਹੇ ਮੁੱਦਿਆਂ ਲਈ ਨੌਂ ਘੰਟੇ ਜਾਂ ਇਸ ਤੋਂ ਵੱਧ ਸਮੇਂ ਮਗਰੋਂ ਜਿਨ੍ਹਾਂ ਯਾਤਰੀਆਂ ਨੂੰ ਛੱਡਿਆ ਜਾਂਦਾ ਹੈ ਉਨ੍ਹਾਂ ਨੂੰ 2400 ਡਾਲਰ ਮੁਆਵਜ਼ਾ ਕੰਪਨੀ ਨੂੰ ਦੇਣਾ ਹੋਵੇਗਾ। ਅਜਿਹੇ ਮਾਮਲਿਆਂ ਵਿੱਚ ਯਾਤਰੀਆਂ ਨੂੰ ਕੋਈ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ ਜੇ ਮੌਸਮ ਅਚਾਨਕ ਖਰਾਬ ਹੋਣ ਕਾਰਨ, ਐਮਰਜੰਸੀ ਮੇਨਟੇਨੈਂਸ, ਏਅਰਪੋਰਟ ਆਪਰੇਸ਼ਨ ਵਰਗੇ ਮੁੱਦਿਆਂ ਜਾਂ ਮੈਡੀਕਲ ਐਮਰਜੰਸੀਜ਼ ਕਾਰਨ ਉਡਾਨ ਵਿੱਚ ਦੇਰ ਹੁੰਦੀ ਹੈ।

ਓਟਵਾ ਇੰਟਰਨੈਸ਼ਨਲ ਏਅਰਪੋਰਟ ਉੱਤੇ ਸੋਮਵਾਰ ਨੂੰ ਇੱਕ ਈਵੈਂਟ ਵਿੱਚ ਹਿੱਸਾ ਲੈਣ ਪਹੁੰਚੇ ਟਰਾਂਸਪੋਰਟ ਮੰਤਰੀ ਮਾਰਕ ਗਾਰਨਿਊ ਵੱਲੋਂ ਇਨ੍ਹਾਂ ਪ੍ਰਸਤਾਵਿਤ ਦਿਸ਼ਾ ਨਿਰਦੇਸ਼ਾਂ ਬਾਰੇ ਗੱਲਬਾਤ ਕੀਤੀ ਗਈ। ਇੱਕ ਵਾਰੀ ਫਾਈਨਲ ਹੋਣ ਤੋਂ ਬਾਅਦ ਇਹ ਨਿਯਮ ਸਾਰੀਆਂ ਯਾਤਰੀ ਉਡਾਨਾਂ, ਜਿਹੜੀਆਂ ਕੈਨੇਡਾ ਤੋਂ ਸ਼ੁਰੂ ਹੁੰਦੀਆਂ ਜਾਂ ਲੈਂਡ ਹੁੰਦੀਆਂ ਹਨ, ਉੱਤੇ ਲਾਗੂ ਹੋਣਗੇ। ਗਾਰਨਿਊ ਨੇ ਆਖਿਆ ਕਿ ਕੈਨੇਡਾ ਦੇ ਕਿਸੇ ਵੀ ਪਰਿਵਾਰ ਲਈ ਏਅਰ ਟਿਕਟ ਖਰੀਦਣਾ ਖਰਚੇ ਦਾ ਵੱਡਾ ਕਾਰਨ ਹੋ ਸਕਦਾ ਹੈ ਤੇ ਅਸੀਂ ਚਾਹੁੰਦੇ ਹਾਂ ਕਿ ਇਸ ਲਈ ਯਾਤਰੀਆਂ ਨੂੰ ਤੰਗ ਪਰੇਸ਼ਾਨ ਨਾ ਹੋਣਾ ਪਵੇ ਤੇ ਸਬੰਧਤ ਏਅਰਲਾਈਨ ਵੱਲੋਂ ਜਿਹੜੀ ਦਿੱਕਤ ਯਾਤਰੀ ਨੂੰ ਆਉਂਦੀ ਹੈ ਉਸ ਲਈ ਉਸ ਨੂੰ ਮੁਆਵਜ਼ਾ ਵੀ ਮਿਲੇ।

## ਪੰਜਾਬ ਤੋਂ ਵਧੇਰੇ ਅੰਤਰਰਾਸ਼ਟਰੀ ਉਡਾਨਾਂ ਲਈ ਫਲਾਈ ਅੰਮ੍ਰਿਤਸਰ ਇਨਿਸ਼ੀਏਟਿਵ ਵੱਲੋਂ ਕੌਮਾਂਤਰੀ ਏਅਰਲਾਈਨਾਂ ਨਾਲ ਮੀਟਿੰਗ



ਮੀਟਿੰਗ ਵਿਚ ਸ਼ਾਮਲ ਅੰਤਰਰਾਸ਼ਟਰੀ ਹਵਾਈ ਕੰਪਨੀਆਂ ਦੇ ਨੁਮਾਇੰਦੇ ਫਲਾਈ ਅੰਮ੍ਰਿਤਸਰ ਮੁਹਿੰਮ ਦੇ ਕਨਵੀਨਰ ਸਮੀਪ ਸਿੰਘ ਗੁਮਟਾਲਾ (ਸੱਜਿਓ ਚੋਥੇ), ਕੋ-ਕਨਵੀਨਰ ਯੋਗੇਸ਼ ਕਾਮਰਾ (ਸੱਜਿਓ ਤੀਜੇ) ਅਤੇ ਮਨਮੋਹਨ ਸਿੰਘ, ਸਰਪ੍ਰਸਤ ਅੰਮ੍ਰਿਤਸਰ ਵਿਕਾਸ ਮੰਚ ਦੇ ਨਾਲ।

ਅੰਮ੍ਰਿਤਸਰ, 17 ਦਸੰਬਰ(ਗਿਆਨ ਸਿੰਘ): ਪੰਜਾਬ ਅਤੇ ਵਿਦੇਸ਼ਾਂ ਵਿਚ ਵਸਦੇ ਪੰਜਾਬੀਆਂ ਅਤੇ ਗੁਆਂਢੀ ਰਾਜਾਂ ਨੂੰ ਸ਼੍ਰੀ ਗੁਰੁ ਰਾਮਦਾਸ ਜੀ ਅੰਤਰ-ਰਾਸ਼ਟਰੀ ਹਵਾਈ ਅੱਡੇ ਤੋਂ ਵਧੇਰੇ ਹਵਾਈ ਉਡਾਣਾਂ ਸ਼ੁਰੂ ਕਰਵਾਉਣ ਸੰਬੰਧੀ ਫਲਾਈ ਅੰਮ੍ਰਿਤਸਰ ਇਨਿਸ਼ੀਏਟਿਵ ਵਲੋਂ ਦੱਸ ਤੋਂ ਵੱਧ ਏਅਰਲਾਈਨਾਂ ਦੇ ਚੋਟੀ ਦੇ ਕਾਰਜਕਾਰੀ ਅਤੇ ਵਪਾਰਕ ਨੁਮਾਇੰਦਆਂ ਨਾਲ ਦਿੱਲੀ ਦੇ ਲੀ-ਮੇਰੀਡੀਅਨ ਹੋਟਲ ਵਿਖੇ ਮੀਟਿੰਗ ਕੀਤੀ ਗਈ। ਅੰਮ੍ਰਿਤਸਰ ਦੇ ਸ਼੍ਰੀ ਗੁਰੂ ਰਾਮਦਾਸ ਜੀ ਅੰਤਰਰਾਸ਼ਟਰੀ ਹਵਾਈ ਅੱਡੇ ਤੋਂ ਵਧੇਰੇ ਉਡਾਣਾਂ ਨੂੰ ਲਿਆਉਣ ਵੱਲ ਕੇਂਦਰਤ ਪਹੁੰਚ ਲਈ ਫਲਾਈ ਅੰਮ੍ਰਿਤਸਰ ਮੁਹਿੰਮ ਦੀ 2016 ਵਿਚ ਸ਼ੁਰੂਆਤ ਕੀਤੀ ਗਈ ਸੀ। ਇਹ ਉਸ ਪਹਿਲ ਨੂੰ ਅੱਗੇ ਲੈ ਜਾਂਦਾ ਹੈ ਜੋ ਸਮਾਜ ਸੇਵੀ ਸੰਸਥਾ ਅੰਮ੍ਰਿਤਸਰ ਵਿਕਾਸ ਮੰਚ (ਏ.ਵੀ.ਐਮ.) ਦੁਆਰਾ ਸ਼ੁਰੂ ਕੀਤਾ ਗਿਆ ਸੀ।

ਇਸ ਮਿਟਿੰਗ ਵਿਚ ਮੁਹਿੰਮ ਦੇ ਕਨਵੀਨਰ ਤੇ ਮੰਚ ਦੇ ਵਿਦੇਸ਼ ਸਕੱਤਰ ਸਿਮੀਪ ਸਿੰਘ ਗੁਮਟਾਲਾ ਨੇ ਹਵਾਈ ਅੱਡੇ ਦੇ ਪਿਛੋਕੜ, ਮੌਜੂਦਾ ਸਥਿਤੀ ਅਤੇ ਭਵਿੱਖ ਦੀਆਂ ਸੰਭਾਵਨਾਂ ਤੇ ਚਰਚਾ ਕਰਦੇ ਹੋਏ ਕਿਹਾ ਕਿ ਵਿਦੇਸ਼ਾ ਵਿਚ 50 ਲੱਖ ਤੋਂ ਵੱਧ ਪੰਜਾਬੀ ਅਮਰੀਕਾ, ਕੈਨੇਡਾ, ਯੂਰਪ, ਯੂ.ਕੇ., ਆਸਟਰੇਲੀਆਂ ਅਤੇ ਹੋਰਨਾਂ ਮੁਲਕਾਂ ਵਿਚ ਵਸਦੇ ਹਨ ਜਿਹੜੇ ਸਿੱਧਾ ਅੰਮ੍ਰਿਤਸਰ ਸਫਰ ਕਰਨਾ ਚਾਹੁੰਦੇ ਹਨ। ਇਸ ਮੌਕੇ ਉਪਰ ਉਹਨਾਂ ਨੇ ਇਸ ਮੁਹਿੰਮ ਦੀ ਅਤੇ ਮੰਚ ਦੀ ਭੂਮਿਕਾ ਅਤੇ ਪ੍ਰਾਪਤੀਆਂ ਬਾਰੇ ਜਾਣਕਾਰੀ ਦਿੱਤੀ।

ਮੁਹਿੰਮ ਦੇ ਕੋ-ਕਨਵੀਨਰ ਤੇ ਮੰਚ ਦੇ ਵਧੀਕ ਸਕੱਤਰ ਯੋਗੇਸ਼ ਕਾਮਰਾ ਨੇ ਕਿਹਾ, "ਇਹ ਪਹਿਲੀ ਵਾਰ ਹੈ ਕਿ ਦੁਨੀਆਂ ਦੀਆਂ ਪ੍ਰਮੁੱਖ ਕੋਮਾਂਤਰੀ ਏਅਰਲਾਈਨਾਂ ਜਿਵੇਂ ਕਿ ਐਮੀਰੇਟਸ, ਏਤੀਹਾਰ, ਫਲਾਈ ਡੁਬਈ, ਕੁਵੈਤ ਏਅਰ, ਓਮਾਨ ਏਅਰ, ਏਅਰ ਅਰੇਬੀਆ, ਥਾਮਸ ਕੁੱਕ ਯੂ.ਕੇ., ਇੰਡਜੈਟਸ, ਨੋਕ ਸਕੂਟ, ਮਾਰਟੀਨ ਕਨਸਲਟਿੰਗ ਆਦਿ ਨੇ ਭਾਗ ਲਿਆ। ਇਸ ਮੀਟਿੰਗ ਵਿਚ ਮੌਜੂਦ ਏਅਰਲਾਈਨਾਂ ਨੇ ਦੁਹਰਾਇਆ ਕਿ ਉਹ ਅੰਮ੍ਰਿਤਸਰ ਤੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਨਾ ਚਾਹੁੰਦੇ ਹਨ ਪਰ ਭਾਰਤ ਸਰਕਾਰ ਵਲੋਂ ਹਵਾਈ ਸਮਝੋਤਿਆਂ ਵਿਚ ਅੰਮ੍ਰਿਤਸਰ ਨੂੰ ਸ਼ਾਮਲ ਨਹੀਂ ਕੀਤਾ ਗਿਆ। ਅਗਰ ਭਾਰਤ ਸਰਕਾਰ ਅੰਮ੍ਰਿਤਸਰ ਨੂੰ ਬਾਕੀ ਭਾਰਤ ਦੇ ਅੰਤਰ-ਰਾਸ਼ਟਰੀ ਹਵਾਈ ਅੱਡਿਆਂ ਵਾਂਗ ਇਹਨਾਂ ਸਮਝੋਤਿਆ ਵਿਚ ਸ਼ਾਮਲ ਕਰ ਲੈਣ ਤਾਂ ਉਹ ਇੱਥੋਂ ਸਿੱਧੀਆਂ ਉਡਾਣਾਂ ਸ਼ੁਰੂ ਕਰਨ ਲਈ ਤਿਆਰ ਹਨ।

ਇਸ ਮੌਕੇ ਤੇ ਫਲਾਈ ਡੁਬਈ ਦੇ ਦੱਖਣੀ ਪੂਰਬੀ ਏਸ਼ੀਆ ਦੇ ਡਾਇਰੈਕਟਰ ਕਮਰਸ਼ੀਅਲ ਓਪਰੇਸ਼ਨ ਪ੍ਰਾਨ ਦਾਸ ਨੇ ਕਿਹਾ ਕਿ "ਅਸੀਂ ਅੰਮ੍ਰਿਤਸਰ ਨੂੰ ਦੁਬਈ ਤੋਂ ਸਿੱਧੀਆਂ ਅੰਮ੍ਰਿਤਸਰ ਲਈ ਉਡਾਣਾਂ ਸ਼ੁਰੂ ਕਰਨ ਦੇ ਇਛੁੱਕ ਹਨ ਅਤੇ ਉਹਨਾਂ ਲਈ ਅੰਮ੍ਰਿਤਸਰ ਹਵਾਈ ਅੱਡਾ ਬਹੁਤ ਮਹੱਤਵਪੂਰਨ ਹੈ। ਇਹ ਉਡਾਣਾਂ ਵੱਡੀ ਗਿਣਤੀ ਵਿਚ ਯਾਤਰੀਆਂ ਨੂੰ ਦੁਬਈ ਰਾਹੀਂ ਫਲਾਈ ਦੁਬਈ ਅਤੇ ਐਮੀਰੇਟਸ ਦੀਆਂ ਉਡਾਣਾ ਨਾਲ ਬਹੁਤ ਸਾਰੇ ਮੁਲਕਾਂ ਨਾਲ ਜੋੜ ਸਕਦੀਆਂ ਹਨ ਪਰ ਹਵਾਈ ਸਮਝੋਤਿਆ ਵਿਚ ਅੰਮ੍ਰਿਤਸਰ ਨਾ ਹੋਣ ਕਰਕੇ ਇਹ ਉਡਾਣਾਂ ਸ਼ੁਰੂ ਨਹੀਂ ਹੋ ਰਹੀਆਂ। ਉਹਨਾਂ ਨੇ ਇਸ ਮੁਹਿੰਮ ਅਤੇ ਮੰਚ ਵਲੋਂ ਕੀਤੇ ਜਾ ਰਹੇ ਉਪਰਾਲਿਆਂ ਲਈ ਸ਼ਲਾਘਾ ਕੀਤੀ।

ਗੁਰੂ ਨਾਨਕ ਦੇਵ ਜੀ ਦੇ 550 ਸਾਲਾਂ ਪ੍ਰਕਾਸ਼ ਉਤਸਵ ਦੇ ਸਮਾਗਮਾਂ ਵਿਚ ਲੱਖਾਂ ਦੀ ਗਿਣਤੀ ਵਿਚ ਸ਼ਰਧਾਲੂਆਂ ਦੇ 2019 ਵਿਚ ਅੰਮ੍ਰਿਤਸਰ ਆਉਣ ਦੀ ਉਮੀਦ ਹੈ। ਮੰਚ ਦੇ ਸਰਪ੍ਰਸਤ ਅਤੇ ਅੰਮ੍ਰਿਤਸਰ ਹਵਾਈ ਅੱਡੇ ਦੀ ਸਲਾਹਕਾਰ ਕਮੇਟੀ ਦੇ ਮੈਂਬਰ ਮਨਮੋਹਨ ਸਿੰਘ ਬਰਾੜ ਨੇ ਕਿਹਾ ਕਿ ਇਸ ਨੂੰ ਦੇਖਦੇ ਹੋਏ ਪੰਜਾਬ ਸਰਕਾਰ ਨੂੰ ਵੀ ਭਾਰਤ ਸਰਕਾਰ ਨਾਲ ਗੱਲਬਾਤ ਕਰਕੇ ਅੰਮਿਤਸਰ ਹਵਾਈ ਅੱਡੇ ਨੂੰ ਹਵਾਈ ਸਮਝੋਤਿਆਂ ਵਿਚ ਸ਼ਾਮਲ ਕਰਵਾਉਣ ਲਈ ਕੇਂਦਰ ਸਰਕਾਰ ਤੇ ਜੋਰ ਪਾਉਣਾ ਚਾਹੀਦਾ ਹੈ। ਹੈਰਾਨੀ ਦੀ ਗੱਲ ਹੈ ਕਿ ਐਮੀਰੇਟਸ, ਏਤੀਹਾਦ, ਓਮਾਨ ਆਦਿ ਹਵਾਈ ਕੰਪਨੀਆਂ ਨੂੰ ਭਾਰਤ ਦੇ ਬਾਕੀ ਹਵਾਈ ਅੱਡੇ ਜਿਵੇਂ ਕਿ ਅਹਿਮਦਾਬਾਦ, ਜੈਪੁਰ, ਲਖਨਊ, ਗੋਆ, ਤ੍ਰਿਵਿੰਦਰਮ, ਕੋਚੀ ਆਦਿ ਤੋਂ ਉਡਾਣਾਂ ਭਰਨ ਦੀ ਆਗਿਆ ਹੈ, ਪਰ ਅੰਮ੍ਰਿਤਸਰ ਨੂੰ ਉਡਾਣਾਂ ਭਰਨ ਦੀ ਆਗਿਆ ਨਹੀਂ ਦਿੱਤੀ ਜਾ ਰਹੀ। ਇਹ ਵਿਤਕਰਾ ਜਲਦੀ ਹੀ ਦੂਰ ਹੋਣਾ ਚਾਹੀਦਾ ਹੈ।

KARTAR FURNITURE
ਫਰਨੀਚਰ ਦੀ ਦੁਨੀਆ ਦਾ ਇੱਕੋ ਇੱਕ ਟਿਕਾਊ ਨਾਮ
ਕਰਤਾਰ ਫਰਨੀਚਰ




■ ਅਸੀਂ ਸੋਫਾ ਸੈਟ ਖੁੱਦ ਹੱਥੀ ਤਿਆਰ ਕਰਦੇ ਹਾਂ
■ ਕਸਟਮਰ ਆਪਣੀ ਪਸੰਦ ਦੇ ਸਪਰਿੰਗ, ਫੇਬਰਿਕ ਅਤੇ ਡਿਜਾਇਨ ਦੱਸ ਸਕਦੇ ਹਨ
■ ਪੁਰਾਣੇ ਸੋਫਿਆਂ ਤੇ ਡਾਇਨਿੰਗ ਚੇਅਰ ਨੂੰ ਹਾਰਡ ਫੋਮ ਭਰਕੇ ਨਵਾਂ ਬਣਾਓ
Email: kartarfurnitue@live.com
Call Rajinder Singh 416.741.9657
69 Westmore Dr. #20
Etobicoke ON, M9V 3Y6

# ਅੰਗਰੇਜ਼ ਯਾਤਰੂ ਦੀਆਂ ਨਜ਼ਰਾਂ ਵਿੱਚ ਤਖਤ ਸ੍ਰੀ ਹਰਿਮੰਦਰ ਪਟਨਾ ਸਾਹਿਬ

-ਡਾ. ਗੁਰਦੇਵ ਸਿੰਘ ਸਿੱਧੂ-

ਚਾਰਲਸ ਡਿਕਨਜ਼ ਨਾਂ ਦਾ ਅੰਗਰੇਜ਼ ਯਾਤਰੀ 1781 ਵਿੱਚ ਕਲਕੱਤਾ ਤੋਂ ਬਨਾਰਸ ਜਾਂਦਾ ਪਟਨਾ ਆਇਆ। ਉਹ ਹਿੰਦੂ ਤੇ ਮੁਸਲਮਾਨ ਫਿਰਕਿਆਂ ਬਾਰੇ ਜਾਣਦਾ ਸੀ, ਪਰ ਸਿੱਖ ਧਰਮ ਬਾਰੇ ਉਸ ਨੂੰ ਇਥੇ ਆ ਕੇ ਪਤਾ ਲੱਗਾ ਤਾਂ ਉਸ ਨੇ ਉਤਸੁਕਤਾ ਨਾਲ ਪਟਨਾ ਤਖਤ ਸਾਹਿਬ ਦੇ ਦਰਸ਼ਨ ਕੀਤੇ। ਉਸ ਨੇ ਇਸ ਧਰਮ ਅਸਥਾਨ ਬਾਰੇ ਏਸ਼ੀਆਟਿਕ ਸੁਸਾਇਟੀ ਕਲਕੱਤਾ ਨੂੰ 'ਸਿੱਖ ਤੇ ਪਟਨਾ ਵਿਚ ਉਨ੍ਹਾਂ ਦਾ ਕਾਲਜ' ਸਿਰਲੇਖ ਹੇਠ ਜੋ ਜਾਣਕਾਰੀ ਭੇਜੀ ਉਹ ਇੰਜ ਸੀ-

'ਮੈਂ ਪਟਨਾ ਦੀ ਇਕ ਤੰਗ ਗਲੀ ਵਿੱਚ, ਚੁੰਗੀਖਾਨੇ ਤੋਂ ਥੋੜ੍ਹੀ ਦੂਰ, ਸਿੱਖਾਂ ਦਾ ਕਾਲਜ ਲੱਭਿਆ। ਮੈਨੂੰ ਬਾਹਰਲੇ ਦਰਵਾਜ਼ੇ ਤੋਂ ਅੰਦਰ ਵੜਨ ਦੀ ਆਗਿਆ ਦਿੱਤੀ ਗਈ। ਜਦੋਂ ਮੈਂ ਇਸ ਮੰਦਰ ਵੱਲ ਜਾਂਦੀਆਂ ਪੌੜੀਆਂ ਕੋਲ ਗਿਆ ਤਾਂ ਸਿੱਖ ਸੁਸਾਇਟੀ ਦੇ ਦੋ ਬੰਦਿਆਂ ਨੇ ਬੜੇ ਸਲੀਕੇ ਨਾਲ ਮੇਰਾ ਸਵਾਗਤ ਕੀਤਾ। ਮੇਰੇ ਵੱਲੋਂ ਪੁੱਛੇ ਜਾਣ ਉਤੇ ਕਿ ਕੀ ਮੈਂ ਪੌੜੀਆਂ ਚੜ੍ਹ ਕੇ ਮੰਦਰ ਵਿੱਚ ਜਾ ਸਕਦਾ ਹਾਂ, ਉਨ੍ਹਾਂ ਦੱਸਿਆ ਕਿ ਇਹ ਪੂਜਾ ਅਸਥਾਨ ਹੈ ਤੇ ਇਹ ਸਭਨਾਂ ਲਈ ਖੁੱਲ੍ਹਾ ਹੈ। ਉਨ੍ਹਾਂ ਮੈਨੂੰ ਜੁੱਤੀ ਲਾਹ ਕੇ ਅੰਦਰ ਜਾਣ ਨੂੰ ਕਿਹਾ। ਮੈਂ ਝਟ ਜੁੱਤੀ ਲਾਹ ਦਿੱਤੀ। ਮੈਨੂੰ ਵਿਚਾਲੇ ਇਕ ਗਲੀਚੇ ਉਤੇ ਬਿਠਾਇਆ ਗਿਆ। 40 ਫੁੱਟ ਵਰਗਾਕਾਰ ਦੀ ਇਹ ਇਮਾਰਤ ਧਰਤੀ ਤੋਂ 6 ਜਾਂ 7 ਪੌੜੀਆਂ ਉਚੀ ਹੈ। ਵਿਚਕਾਰਲੇ ਹਾਲ ਦੇ ਚੌਹੀ ਖੂੰਜੀਂ ਲੱਕੜ ਦਿਆਂ ਥਮਲਿਆਂ ਉਤੇ ਲੱਕੜ ਦੀਆਂ ਚਾਰ ਮਿਹਰਾਬਾਂ ਹਨ। ਇਕ ਕਮਰਾ ਚੌੜਾਈ ਨਾਲੋਂ ਵਧੇਰੇ ਲੰਮਾ ਹੈ। ਇਸ ਦਾ ਫਰਸ਼ ਸਾਫ ਸੁਥਰੇ ਗਲੀਚੇ ਨਾਲ ਢੱਕਿਆ ਹੋਇਆ ਸੀ। ਕੰਧਾਂ ਉਤੇ ਸੋਨੇ ਦੇ ਫਰੇਮਾਂ ਵਾਲੇ ਵੱਡੇ-ਵੱਡੇ ਯੂਰਪੀਨ ਸ਼ੀਸ਼ੇ ਲੱਗੇ ਹੋਏ ਹਨ। ਇਸ ਹਾਲ ਦੇ ਖੱਬੇ ਹੱਥ ਦੇ ਸਿਰੇ ਉਤੇ ਇਕ ਹੋਰ ਅੰਦਰਲਾ ਕਮਰਾ ਹੈ, ਸੱਜੇ ਪਾਸੇ ਤੋਸ਼ਾਖਾਨਾ ਹੈ। ਇਸ ਵਿੱਚ ਇਕ ਪੂਜਾ ਸਥਾਨ ਹੈ, ਜੋ ਉਪਰੋਂ ਸੁਨਹਿਰੀ ਕੱਪੜੇ ਨਾਲ ਢੱਕਿਆ ਹੋਇਆ ਸੀ। ਇਸ ਪੂਜਾ ਸਥਾਨ ਦੇ ਹਰ ਪਾਸੇ ਮੋਰਾਂ ਦੇ ਖੰਭਾਂ ਦੀ ਚਾਂਦੀ ਦੀ ਮੁੱਠੇ ਵਾਲੀ ਇਕ-ਇਕ ਚੌਰ ਪਈ ਸੀ। ਇਹ ਪੂਜਾ ਅਸਥਾਨ ਧਰਤੀ ਤੋਂ ਕੁਝ ਉਚੇਰਾ ਅਤੇ ਇਕ ਪਾਸਿਓਂ ਢਲਵਾਂ ਹੈ। ਇਸ ਦੇ ਸਾਹਮਣੇ ਇਕ ਛੋਟਾ ਜਿਹਾ ਤਖਤ ਪਿਆ ਸੀ, ਜਿਸ ਉਪਰ ਚਾਂਦੀ ਦੇ ਪੱਤਰੇ ਲੱਗੇ ਹੋਏ ਸਨ। ਖੱਬੇ ਹੱਥ ਤਿੰਨ-ਤਿੰਨ ਛੋਟੀਆਂ-ਛੋਟੀਆਂ ਤਾਂਬੇ ਦੀਆਂ ਗਾਗਰਾਂ ਸਨ, ਜਿਨ੍ਹਾਂ ਵਿੱਚ ਸ਼ਰਧਾਲੂ ਦਾਨ ਭੇਟਾ ਪਾਉਂਦੇ ਸਨ। ਪੂਜਾ ਸਥਾਨ ਦੇ ਲਾਗੇ ਇਕ ਵੱਡੇ ਆਕਾਰ ਦਾ ਧਰਮ ਗ੍ਰੰਥ ਸੀ, ਜਿਸ ਵਿੱਚੋਂ ਰੋਜ਼ ਰੱਬ ਦੀ ਭਗਤੀ ਵਾਸਤੇ ਅਤੇ ਪੂਜਾ ਸਮੇਂ ਪਾਠ ਕੀਤਾ ਜਾਂਦਾ ਹੈ।



ਇਸ ਉਪਰ ਸੁਰਮਈ ਰੁਮਾਲ ਸੀ।'

'ਦੀਵਾਨ ਵਿੱਚ ਮੇਰੇ ਪਾਸ ਦੋ ਸਿੱਖ ਬੈਠੇ ਸਨ, ਜਿਨ੍ਹਾਂ ਨਾਲ ਮੈਂ ਲੰਮੀ ਗੱਲਬਾਤ ਕੀਤੀ। ਮੈਨੂੰ ਇਹ ਦੋਵੇਂ ਬੜੇ ਸਿਆਣੇ ਪ੍ਰਤੀਤ ਹੋਏ। ਇੰਨੇ ਨੂੰ ਢੋਲ ਵਜਾ ਕੇ ਨੋਟਿਸ ਦਿੱਤਾ ਗਿਆ ਕਿ ਦੁਪਹਿਰ ਹੋ ਚੱਲੀ ਹੈ ਤੇ ਇਹ ਪ੍ਰਾਰਥਨਾ ਦਾ ਸਮਾਂ ਹੈ। ਸੰਗਤ ਹਾਲ ਵਿੱਚ ਇਸ ਤਰ੍ਹਾਂ ਸੱਜ ਗਈ ਕਿ ਪੂਜਾ ਵਾਲੇ ਥਾਂ ਦੇ ਸਾਹਮਣੇ ਇਕ ਸਿਰੇ ਤੋਂ ਦੂਜੇ ਸਿਰੇ ਤੱਕ ਜਗ੍ਹਾ ਖਾਲੀ ਛੱਡੀ ਗਈ। ਉਸ ਪੂਜਾ ਵਾਲੇ ਥਾਂ ਤੋਂ ਕੁਝ ਹਟਵੀਂ ਛੋਟੀ ਜਿਹੀ ਰਸਮ ਅਦਾ ਕਰਨ ਪਿੱਛੋਂ ਮੰਜੀ ਸਾਹਿਬ 'ਤੇ ਪਵਿੱਤਰ ਪੁਸਤਕ ਲਿਆ ਕੇ ਹਾਲ ਕਮਰੇ ਦੇ ਦੂਜੇ ਪਾਸੇ ਸਾਹਮਣੇ ਸਿਰ ਉਤੇ ਸਥਾਪਤ ਕੀਤੀ ਗਈ। ਇਕ ਚਿੱਟੇ ਦਾੜ੍ਹੇ ਵਾਲਾ ਸਿੰਘ ਪੂਜਾ ਸਥਾਨ ਵੱਲ ਮੂੰਹ ਕਰਕੇ ਚੌਕੜੀ ਮਾਰ ਕੇ ਬੈਠ ਗਿਆ। ਇਕ ਆਦਮੀ ਉਸ ਦੇ ਇਕ ਪਾਸੇ ਢੋਲਕ ਲੈ ਕੇ ਤੇ ਦੋ ਤਿੰਨ ਹੋਰ ਛੈਣੇ ਲੈ ਕੇ ਬੈਠ ਗਏ। ਹੁਣ ਪਵਿੱਤਰ ਪੁਸਤਕ ਖੋਲ੍ਹੀ ਗਈ। ਬਿਰਧ ਸਿੰਘ ਨੇ ਕੀਰਤਨ ਸ਼ੁਰੂ ਕੀਤਾ ਤੇ ਸਾਜ ਵੱਜਣ ਲੱਗੇ। ਮੈਨੂੰ ਪਤਾ ਲੱਗਾ ਕਿ ਇਹ ਅਕਾਲ ਪੁਰਖ ਦੀ ਮਹਿਮਾ ਦਾ ਸ਼ਬਦ ਗਾਇਆ ਹੈ।'

'ਮੈਂ ਉਸ ਬਿਰਧ ਸਿੰਘ ਦੀ ਲੈਅ, ਤਾਲ ਤੇ ਇਸ਼ਾਰਿਆਂ ਉਤੇ ਝੂਲਣ ਦੀ ਅਦਾ ਤੋਂ ਖੁਸ਼ ਹੋਇਆ। ਮੈਂ ਅੰਦਰਲੀ ਖੁਸ਼ੀ ਨੂੰ ਪ੍ਰਗਟ ਕਰਦਾ ਅਜਿਹਾ ਚਿਹਰਾ ਕਦੇ ਨਹੀਂ ਦੇਖਿਆ। ਸੰਗਤ ਹੱਥ ਜੋੜ ਕੇ ਉਠ ਖੜੀ ਹੋਈ। ਇਕ ਨੌਜਵਾਨ ਨੇ ਅੱਗੇ ਖੜੇ ਹੋ ਕੇ ਲੰਮੀ ਬੇਨਤੀ ਕੀਤੀ। ਇਸ ਬੇਨਤੀ ਵਿੱਚ ਉਨ੍ਹਾਂ ਨੇ ਕੁਕਰਮਾਂ ਤੋਂ ਬਚਣ ਅਤੇ ਸਰਬੱਤ ਦਾ ਭਲਾ ਕਰਨ ਵਾਸਤੇ ਜੋਦੜੀ ਕੀਤੀ। ਇਸ ਪਿੱਛੋਂ ਬਿਰਧ ਸਿੰਘ ਨੇ ਅਸੀਸ ਦਿੱਤੀ। ਮਗਰੋਂ ਮਠਿਆਈ ਵਰਤਾਉਣ ਦਾ ਸੱਦਾ ਆ ਗਿਆ। ਧਰਮ ਗ੍ਰੰਥ ਨੂੰ ਸੰਭਾਲ ਕੇ ਉਸੇ ਜਗ੍ਹਾ ਸਥਾਪਤ ਕੀਤਾ ਗਿਆ, ਜਿਥੋਂ ਪਾਠ ਕਰਨ ਲਈ ਲਿਆਂਦਾ ਗਿਆ ਸੀ। ਸੰਗਤ ਉਸੇ ਤਰ੍ਹਾਂ ਸਜੀ ਰਹੀ। ਦੋ ਆਦਮੀ ਲੋਹੇ ਦੀ ਕੜਾਹੀ ਵਿੱਚ ਮਠਿਆਈ ਲੈ ਕੇ ਆਏ ਤੇ ਹਾਲ ਵਿੱਚ ਲਿਆ ਕੇ ਛੋਟੀ ਚੌਕੀ ਉਤੇ ਰੱਖ ਦਿੱਤੀ। ਇਕ ਹੋਰ ਆਦਮੀ ਪੰਜ ਛੇ ਬਾਟੇ ਲੈ ਆਇਆ। ਉਥੇ ਬੈਠੇ ਸਭ ਨੂੰ ਬਿਨਾਂ ਵਿਤਕਰੇ ਦੇ ਇਕ-ਇਕ ਪੱਤਲ ਦਿੱਤੀ ਗਈ। ਮਠਿਆਈ ਪਹਿਲਾਂ ਕੜਾਹੀ ਵਿੱਚੋਂ ਬਾਟਿਆਂ ਵਿੱਚ ਪਾਈ ਗਈ ਅਤੇ ਫਿਰ ਕਈ ਜਣਿਆਂ ਨੇ ਸਭ ਨੂੰ ਵਰਤਾਈ। ਮੈਨੂੰ ਵੀ ਹਿੱਸਾ ਮਿਲਿਆ। ਇਹ ਇਕ ਤਰ੍ਹਾਂ ਦੀ ਆਟੇ, ਖੰਡ ਅਤੇ ਘਿਉ ਤੋਂ ਬਣੀ ਹੋਈ ਮਠਿਆਈ ਸੀ। ਇਸ ਪਿੱਛੋਂ ਸਾਨੂੰ ਪਤਾਸੇ ਵੰਡੇ ਗਏ। ਉਪਰੰਤ ਦਿਨ ਦੀ ਪੂਜਾ ਦੀ ਇਹ ਰਸਮ ਸਮਾਪਤ ਹੋਈ।'

'ਸਿੱਖ ਧਰਮ ਦੀ ਸਿੱਖਿਆ ਅਨੁਸਾਰ ਅਕਾਲ ਪੁਰਖ ਇਕ ਹੈ, ਜੋ ਸਰਬ ਸ਼ਕਤੀਵਾਨ, ਹਾਜ਼ਰ ਨਾਜ਼ਰ, ਸਭ ਨੂੰ ਭੋਜਨ ਦੇਣ ਵਾਲਾ ਤੇ ਸਰਬ ਵਿਆਪੀ ਹੈ। ਉਸ ਦੀ ਪੂਜਾ ਤੇ ਸਿਮਰਨ ਕਰਨਾ ਚਾਹੀਦਾ ਹੈ। ਇਹ ਧਰਮ ਪੁਸਤਕ ਵੱਡੇ ਆਕਾਰ ਵਾਲੀ ਹੈ। ਉਨ੍ਹਾਂ ਮੈਨੂੰ ਦੱਸਿਆ ਕਿ 'ਨਾਨਕ ਸ਼ਾਹ' ਵਾਲੀ ਪੁਸਤਕ ਲਿਖੇ ਜਾਣ ਤੋਂ ਕੁਝ ਵਰ੍ਹੇ ਪਿੱਛੋਂ ਇਕ ਹੋਰ ਪੁਸਤਕ ਲਿਖੀ ਗਈ ਤਾਂ ਉਸ ਦਾ ਸਨਮਾਨ ਪਹਿਲੀ ਵਰਗਾ ਹੀ ਹੈ। ਦੂਜੀ ਪੁਸਤਕ ਦਾ ਨਾਮ ਮੈਨੂੰ ਭੁੱਲ ਗਿਆ ਹੈ। ਉਨ੍ਹਾਂ ਮੈਨੂੰ ਇਸ ਪੁਸਤਕ ਵਿੱਚੋਂ ਪਰਮ-'ਤਮਾ ਦੀ ਮਹਿਮਾ ਦਾ ਇਕ ਸ਼ਬਦ ਨਕਲ ਕਰਕੇ ਦਿੱਤਾ।'

# ਕਾਲੇ ਧਨ ਨਾਲ ਲਹਿਲਹਾਉਂਦੀ ਹੈ ਦੇਸ਼ ਵਿੱਚ ਸਿਆਸਤ ਦੀ ਫਸਲ

-ਡਾ. ਵਰਿੰਦਰ ਭਾਟੀਆ

ਵਿੱਤ ਮੰਤਰੀ ਅਰੁਣ ਜੇਤਲੀ ਨੇ ਇਸ ਵਾਰ ਦੇ ਬਜਟ ਵਿੱਚ ਸਿਆਸੀ ਚੰਦੇ 'ਤੇ ਸਿਕੰਜਾ ਕੱਸਿਆ ਹੈ ਤੇ ਐਲਾਨ ਕੀਤਾ ਹੈ ਕਿ ਹੁਣ ਕੋਈ ਵੀ ਸਿਆਸੀ ਪਾਰਟੀ 2000 ਰੁਪਏ ਤੋਂ ਜ਼ਿਆਦਾ ਦਾਨ ਨਕਦੀ ਵਿੱਚ ਨਹੀਂ ਲੈ ਸਕੇਗੀ। ਦਾਨ ਲੈਣ ਲਈ ਸਿਆਸੀ ਪਾਰਟੀਆਂ ਨੂੰ ਚੈਕ ਜਾਂ ਡਿਜੀਟਲ ਮੋਡ ਅਪਣਾਉਣਾ ਪਵੇਗਾ ਅਤੇ 2000 ਰੁਪਏ ਤੋਂ ਵੱਧ ਰਕਮ ਦੇ ਚੰਦੇ (ਦਾਨ) ਦਾ ਹਿਸਾਬ ਚੋਣ ਕਮਿਸ਼ਨ ਨੂੰ ਦੇਣਾ ਪਵੇਗਾ। ਇਸ ਦੇ ਨਾਲ ਸਿਆਸੀ ਪਾਰਟੀਆਂ ਨੂੰ ਡਿਜੀਟਲ ਪੇਮੈਂਟ ਅਪਣਾਉਣ 'ਤੇ ਕਈ ਤਰ੍ਹਾਂ ਦੀ ਛੋਟ ਮਿਲੇਗੀ। ਖਾਸ ਗੱਲ ਇਹ ਹੈ ਕਿ ਚੰਦਾ ਦੇਣ ਵਾਲਾ ਆਪਣਾ ਨਾਂਅ ਗੁਪਤ ਬਣਾਈ ਰੱਖਣ ਲਈ ਸਿਆਸੀ ਪਾਰਟੀਆਂ ਨੂੰ ਬਾਂਡ ਦੇ ਰੂਪ ਵਿੱਚ ਦਾਨ ਦੇ ਸਕਦਾ ਹੈ।

ਜ਼ਿਕਰ ਯੋਗ ਹੈ ਕਿ ਇਸ ਤੋਂ ਪਹਿਲਾਂ ਸਿਆਸੀ ਪਾਰਟੀਆਂ 20 ਹਜ਼ਾਰ ਰੁਪਏ ਤੱਕ ਦਾ ਚੰਦਾ ਨਕਦ ਰਕਮ ਦੇ ਰੂਪ ਵਿੱਚ ਲੈ ਸਕਦੀਆਂ ਸਨ ਅਤੇ ਉਸ ਦਾ ਹਿਸਾਬ ਚੋਣ ਕਮਿਸ਼ਨ ਨੂੰ ਵੀ ਨਹੀਂ ਦੇਣਾ ਪੈਂਦਾ ਸੀ। ਪਿਛਲੇ ਕੁਝ ਸਮੇਂ ਤੋਂ ਦੇਸ਼ ਵਿੱਚ ਕਾਲੇ ਧਨ ਵਿਰੁੱਧ ਛੇੜੀ ਗਈ ਜੰਗ ਦੌਰਾਨ ਸਿਆਸੀ ਪਾਰਟੀਆਂ ਨੂੰ ਬੇਨਾਮੀ ਸੋਮਿਆਂ ਤੋਂ ਮਿਲਣ ਵਾਲੇ ਚੰਦੇ ਦਾ ਮੁੱਲ ਪ੍ਰਮੁੱਖਤਾ ਨਾਲ ਉਠਿਆ ਹੈ। ਅਤੀਤ ਵਿੱਚ ਸੁਣਨ ਨੂੰ ਮਿਲਿਆ ਸੀ ਕਿ ਭਾਰਤੀ ਚੋਣ ਕਮਿਸ਼ਨ ਨੇ ਨਕਦ ਚੰਦੇ ਦੀ ਹੱਦ 20 ਹਜ਼ਾਰ ਰੁਪਏ ਤੋਂ ਘਟਾ ਕੇ 2 ਹਜ਼ਾਰ ਰੁਪਏ ਕਰਨ ਦੀ ਸਿਫਾਰਸ਼ ਕੀਤੀ ਹੈ।

ਇਸ ਦੇ ਲਈ ਕਮਿਸ਼ਨ ਨੇ ਜਨ ਪ੍ਰਤੀਨਿਧਤਾ ਐਕਟ 1951 ਵਿੱਚ ਸੋਧ ਕਰਨ ਦਾ ਸੁਝਾਅ ਵੀ ਦਿੱਤਾ ਸੀ। ਫਿਲਹਾਲ ਸਿਆਸੀ ਪਾਰਟੀਆਂ ਨੂੰ ਮਿਲਦਾ ਚੰਦਾ ਆਮਦਨ ਕਰ ਐਕਟ 1961 ਦੀ ਧਾਰਾ 13 (ਏ) ਹੇਠ ਆਉਂਦਾ ਹੈ। ਇਸ ਦੇ ਤਹਿਤ ਪਾਰਟੀਆਂ ਤੋਂ 20 ਹਜ਼ਾਰ ਰੁਪਏ ਤੋਂ ਘੱਟ ਦੇ ਨਕਦ ਚੰਦੇ ਦਾ ਸੋਮਾ ਨਹੀਂ ਪੁੱਛਿਆ ਜਾ ਸਕਦਾ। ਇਹ ਆਮ ਧਾਰਨਾ ਹੈ ਕਿ ਉਸ ਵਿਵਸਥਾ ਦੀ ਵਰਤੋਂ ਕਰ ਕੇ ਸਿਆਸੀ ਪਾਰਟੀਆਂ ਚੰਦੇ ਦੇ ਰੂਪ ਵਿੱਚ ਕਾਲਾ ਧਨ ਲੈਂਦੀਆਂ ਹਨ। ਇਹ ਵੀ ਜ਼ਿਕਰ ਯੋਗ ਹੈ ਕਿ ਸਿਆਸੀ ਪਾਰਟੀਆਂ ਨੂੰ ਮਿਲਣ ਵਾਲਾ 80-85 ਫੀਸਦੀ ਚੰਦਾ 20 ਹਜ਼ਾਰ ਰੁਪਏ ਤੋਂ ਘੱਟ ਰਕਮ ਦੇ ਰੂਪ ਵਿੱਚ ਹੁੰਦਾ ਹੈ ਤੇ ਇਸ ਦੇ ਸੋਮੇ ਵਜੋਂ ਅਣਪਛਾਤੇ ਵਰਕਰਾਂ ਦਾ ਜ਼ਿਕਰ ਕਰ ਦਿੱਤਾ ਜਾਂਦਾ ਹੈ।

ਕੁਝ ਦਿਨ ਪਹਿਲਾਂ ਸਿਆਸੀ ਚੰਦੇ ਵਿੱਚ ਕਾਲੇ ਧਨ ਦੀ ਵਰਤੋਂ ਦਾ ਇਹ ਮੁੱਦਾ ਮਾਲੀਆ ਸਕੱਤਰ ਹਸਮੁਖ ਦੇ ਇੱਕ ਬਿਆਨ ਨਾਲ ਉਠਿਆ ਸੀ, ਜਿਸ ਨਾਲ ਭਰਮ ਬਣਿਆ ਸੀ ਕਿ ਸਿਆਸੀ ਪਾਰਟੀਆਂ ਨੂੰ ਮਿਲਦੇ ਨਕਦ ਚੰਦੇ ਨੂੰ ਲੈ ਕੇ ਸਰਕਾਰ ਨੇ ਨਵੀਂ ਛੋਟ ਦਿੱਤੀ ਹੈ, ਪਰ ਜਦੋਂ ਇਸ ਬਿਆਨ 'ਤੇ ਵਿਵਾਦ ਖੜ੍ਹਾ ਹੋਇਆ ਤਾਂ ਸਪੱਸ਼ਟ ਹੋ ਗਿਆ ਕਿ ਟੈਕਸੇਸ਼ਨ ਸੋਧ ਕਾਨੂੰਨ ਦੇ ਤਹਿਤ ਸਿਆਸੀ ਪਾਰਟੀਆਂ ਨੂੰ ਕੋਈ ਛੋਟ ਜਾਂ ਵਿਸ਼ੇਸ਼ ਅਧਿਕਾਰ ਨਹੀਂ ਦਿੱਤਾ ਗਿਆ। ਉਦੋਂ ਵਿੱਤ ਮੰਤਰੀ ਨੇ ਕਿਹਾ ਸੀ ਕਿ ਨੋਟਬੰਦੀ ਤੋਂ ਬਾਅਦ ਸਿਆਸੀ ਪਾਰਟੀਆਂ ਨੂੰ ਛੋਟ ਦੇਣ ਦਾ ਕੋਈ ਨਵਾਂ ਨਿਯਮ ਨਹੀਂ ਬਣਾਇਆ ਗਿਆ ਹੈ।

ਐਸੋਸੀਏਸ਼ਨ ਫਾਰ ਡੈਮੋਕ੍ਰੇਟਿਕ ਰਿਫਾਰਮ ਦੀ ਇੱਕ ਰਿਪੋਰਟ ਮੁਤਾਬਕ ਦੇਸ਼ ਦੀਆਂ ਸਿਆਸੀ ਪਾਰਟੀਆਂ ਦੀ ਕਮਾਈ ਦਾ 70 ਫੀਸਦੀ ਹਿੱਸਾ ਬੇਨਾਮੀ ਸੋਮਿਆਂ ਤੋਂ ਆਉਂਦਾ ਹੈ ਅਤੇ ਇਸ ਦੀ ਜਾਣਕਾਰੀ ਪਾਰਟੀ ਨਾ ਤਾਂ ਆਮਦਨ ਟੈਕਸ ਵਿਭਾਗ ਨੂੰ ਦਿੰਦੀ ਹੈ ਅਤੇ ਨਾ ਚੋਣ ਕਮਿਸ਼ਨ ਨੂੰ। ਟੈਕਸ ਮਾਮਲਿਆਂ ਦੇ ਜਾਣਕਾਰਾਂ ਦੀ ਮੰਨੀਏ ਤਾਂ ਸਿਆਸੀ ਪਾਰਟੀਆਂ ਇਸੇ ਛੋਟ ਦੇ ਜ਼ਰੀਏ ਚੰਦੇ ਦੀ ਖੇਡ ਵਿੱਚ ਭਾਰੀ ਗੜਬੜ ਕਰਦੀਆਂ ਹਨ। ਇਸੇ ਰਿਪੋਰਟ ਮੁਤਾਬਕ ਪਿਛਲੇ 10 ਸਾਲਾਂ ਅੰਦਰ ਕੌਮੀ ਸਿਆਸੀ ਪਾਰਟੀਆਂ ਦੀ ਬੇਨਾਮੀ ਕਮਾਈ ਵਿੱਚ 313 ਫੀਸਦੀ ਵਾਧਾ ਹੋਇਆ ਹੈ। 2005-06 ਵਿੱਚ ਸਾਰੀਆਂ ਸਿਆਸੀ ਪਾਰਟੀ ਦੀ ਕੁੱਲ ਕਮਾਈ 274 ਕਰੋੜ ਰੁਪਏ ਸੀ, ਜੋ 2014-16 ਵਿੱਚ ਵੱਧ ਕੇ 1131 ਕਰੋੜ ਰੁਪਏ ਹੋ ਗਈ। ਰਿਪੋਰਟ ਵਿੱਚ ਸਿਆਸੀ ਪਾਰਟੀਆਂ ਦੀ ਕੁੱਲ ਐਲਾਨੀ ਆਮਦਨ 11367.34 ਕਰੋੜ ਰੁਪਏ ਦੱਸੀ ਗਈ ਹੈ, ਜਿਸ ਵਿੱਚੋਂ 7832.98 ਕਰੋੜ ਰੁਪਏ ਦੀ ਆਮਦਨ ਦਾ ਜ਼ਰੀਆ ਅਣ ਐਲਾਨਿਆ ਹੈ। ਇਹੋ ਨਹੀਂ, ਬਹੁਤੀਆਂ ਖੇਤਰੀ ਪਾਰਟੀਆਂ ਨੇ 2004-05 ਤੋਂ ਆਪਣੇ ਚੰਦੇ ਦੀ ਰਿਪੋਰਟ ਜਮ੍ਹਾ ਨਹੀਂ ਕਰਵਾਈ।




ਦਬੰਗ ਲਹਿਜ਼ੇ ਵਿੱਚ ਕਿਹਾ ਜਾਵੇ ਤਾਂ ਦੇਸ਼ ਵਿੱਚ ਸਿਆਸਤ ਦੀ ਫਸਲ ਕਾਲੇ ਧਨ ਨਾਲ ਲਹਿਲਹਾਉਂਦੀ ਹੈ। ਕੁਝ ਸਮੇਂ ਤੋਂ ਸਮਾਜ ਦੇ ਇੱਕ ਹਿੱਸੇ ਵਲੋਂ ਇਹ ਗੱਲ ਵਾਰ-ਵਾਰ ਉਠਾਈ ਜਾ ਰਹੀ ਸੀ ਕਿ ਆਖਰ ਅਜਿਹੇ ਨਵੇਂ ਨਿਯਮ ਕਿਉਂ ਨਹੀਂ ਬਣਾਏ ਜਾ ਰਹੇ ਕਿ ਸਿਆਸਤ ਵਿੱਚ ਕਾਲੇ ਧਨ ਦੀ ਵਰਤੋਂ 'ਤੇ ਰੋਕ ਲੱਗੇ? ਨੋਟਬੰਦੀ ਨਾਲ ਜਦ ਆਮ ਆਦਮੀ ਦੇ ਧਨ ਦੀ ਬਰੀਕੀ ਨਾਲ ਜਾਂਚ ਕੀਤੀ ਜਾ ਰਹੀ ਹੈ ਤਾਂ ਸਿਆਸੀ ਚੰਦੇ ਦੇ ਮਾਮਲੇ ਵਿੱਚ ਪੁਰਾਣੇ ਚਲਨ ਨੂੰ ਕਿਉਂ ਕਾਇਮ ਰੱਖਿਆ ਜਾ ਰਿਹਾ ਹੈ?

ਇਸ ਰਾਏ ਨਾਲ ਸ਼ਾਇਦ ਹੀ ਕੋਈ ਅਸਹਿਮਤ ਹੋਵੇਗਾ ਕਿ ਇਸ ਸਮੇਂ ਸਿਆਸੀ ਪਾਰਟੀਆਂ ਨੂੰ ਮਿਲਣ ਵਾਲਾ ਚੋਣ ਚੰਦਾ ਭਾਰਤ ਵਿੱਚ ਵੱਡੇ ਪੱਧਰ 'ਤੇ ਫੈਲੇ ਭ੍ਰਿਸ਼ਟਾਚਾਰ ਦਾ ਇੱਕ ਪ੍ਰਮੁੱਖ ਸੋਮਾ ਹੈ, ਇਸ ਲਈ ਨੋਟਬੰਦੀ ਨਾਲ ਸ਼ੁਰੂ ਕੀਤੀ ਗਈ ਭ੍ਰਿਸ਼ਟਾਚਾਰ ਵਿਰੋਧੀ ਮੁਹਿੰਮ ਦੀ ਸਫਲਤਾ ਲਈ ਇਹ ਵੀ ਜ਼ਰੂਰੀ ਸੀ ਕਿ ਇਸ ਮਾਮਲੇ ਵਿੱਚ ਬਿਨਾਂ ਦੇਰੀ ਮੁਕੰਮਲ ਪਾਰਦਰਸ਼ਿਤਾ ਲਿਆਂਦੀ ਜਾਵੇ। ਭਵਿੱਖ ਵਿੱਚ ਸਿਲਆਸੀ ਪਾਰਟੀਆਂ ਦੇ ਖਰਚ ਦੀ ਹੱਦ 'ਤੇ ਹੋਰ ਸ਼ਿਕੰਜਾ ਕੱਸਣ ਦੀ ਲੋੜ ਹੈ। ਆਉਂਦੇ ਸਾਲਾਂ ਵਿੱਚ ਇੰਟਰਨੈਟ ਆਧਾਰਤ ਵੋਟਿੰਗ ਪ੍ਰਣਾਲੀ ਇਸ ਵਿੱਚ ਮਦਦ ਕਰ ਸਕਦੀ ਹੈ।

# ਛਿੱਕਾਂ, ਜ਼ੁਕਾਮ ਲਈ ਰਾਮਬਾਣ ਹੈ ਇਲੈਕਟਰੋਪੈਥੀ ਇਲਾਜ ਪ੍ਰਣਾਲੀ

ਦਿਨੋ ਦਿਨ ਵੱਧਦੇ ਰਹੇ ਪ੍ਰਦੂਸ਼ਣ ਤੇ ਮਨੁੱਖ ਦੀ ਘੱਟ ਰਹੀ ਰੋਗ ਪ੍ਰਤੀਰੋਧਕ ਸਮਰੱਥਾ ਕਾਰਨ ਸੰਸਾਰ ਭਰ ਵਿੱਚ ਕਈ ਤਰਾ ਦੀਆ ਬੀਮਾਰੀਆ ਦਾ ਹੜ ਆ ਗਿਆ ਹੈ। ਇੰਨਾ ਬੀਮਾਰੀਆ ਵਿੱਚੋ ਦਿਨੋ ਦਿਨ ਵੱਧ ਰਹੀ ਇੱਕ ਬੀਮਾਰੀ ਹੈ ਐਲਰਜੀ, ਛਿੱਕਾ, ਜੁਕਾਮ। ਤਕਰੀਬਨ 20% ਨਵੀ ਪੀੜੀ ਇਸ ਰੋਗ ਤੋ ਪੀੜਤ ਹੈ ਤੇ ਪੁਰਾਣੀ ਪੀੜੀ ਵੀ ਬਦਲਵੇ ਜਲਵਾਯੂ ਪਰਿਵਤਰਨ ਕਾਰਨ ਪ੍ਰਭਾਵਿਤ ਹੋ ਰਹੀ ਹੈ।

ਥੋੜੇ ਜਿਹੇ ਮੌਸਮ ਤਬਦੀਲੀ ਹੋਣ ਨਾਲ, ਸਵੇਰ ਸਮੇ ਬੰਦ ਕਮਰੇ ਵਿੱਚੋ ਬਹਾਰ ਆਉਣ ਕਾਰਨ, ਮਿੱਟੀ ਘੱਟੇ, ਡਸਟ ਧੂੰਆ, ਸੈਂਟ, ਫੁੱਲਾ ਦੀ ਖੁਸਬੂ, ਗਰਮ ਤੋ ਠੰਡੇ ਵਾਤਾਵਰਨ ਜਾਂ ਏ ਸੀ ਵਾਲੇ ਕਮਰੇ ਵਿੱਚੋ ਗਰਮ ਵਾਤਾਵਰਨ ਵਿੱਚ ਆਉਣ ਨਾਲ ਜੁਕਾਮ ਸੂਰ ਹੋ ਜਾਦਾ ਹੈ। ਲਗਾਤਾਰ ਛਿੱਕਾ, ਨੱਕੋ ਪਾਣੀ ਵੱਗਣਾ, ਦਿਮਾਗ ਤੋ ਗਲ ਵਿੱਚ ਰੇਸਾ ਡਿੱਗਣਾ, ਨੱਕ ਬੰਦ ਹੋ ਜਾਣਾ, ਨੱਕ ਤੇ ਗਲ ਵਿੱਚ ਖਾਰਸ ਹੋਣਾ, ਛਾਤੀ ਜਾਮ ਹੋ ਜਾਣਾ ਆਦਿ ਇਸ ਦੇ ਲੱਛਣ ਹੁੰਦੇ ਹਨ। ਜਨਮ ਭੂਮੀ ਛੱਡ ਕੇ ਪ੍ਰਵਾਸ ਕਰਨ ਲੋਕਾ ਵਿੱਚ, ਵਾਤਾਵਰਨ ਪਰਿਵਤਰਨ ਕਾਰਨ ਵੀ ਕਈ ਵਾਰ ਇਹ ਸਮੱਸਿਆ ਪੈਦਾ ਹੋ ਜਾਂਦੀ ਹੈ। ਅਸੁੱਧ ਵਾਤਾਵਰਨ ਵਿੱਚ ਰਹਿਣ ਦੇ ਆਦੀ ਜਦੋਂ ਸੁੱਧ ਵਾਤਾਵਰਨ ਵਿਚ ਜਾਂਦੇ ਹਨ ਤਾ ਵੀ ਐਲਰਜੀ ਜੁਕਾਮ ਦੀ ਸਮੱਸਿਆ ਸਾਹਮਣੇ ਆਉਦੀ ਹੈ। ਜੁਕਾਮ ਦੇ ਇਲਾਜ ਲਈ ਤਰੁੰਤ ਐਲੋਪੈਥਿਕ ਦਵਾਈਆ ਵਰਤਦਾ ਹੈ ਜਿਸ ਕਾਰਨ ਅਗਾਂਹ ਨਵੀ ਸਮੱਸਿਆ ਪੈਦਾ ਹੋ ਜਾਦੀਆ ਹਨ। ਅੰਗਰੇਜੀ ਦਵਾਈਆ ਦੀ ਵਰਤੋ ਕਾਰਨ ਸਿਰ ਦੇ ਜਿਸ ਭਾਗ ਵਿੱਚ ਰੇਸਾ ਰੁਕ ਜਾਦਾ ਹੈ ਉਸ ਭਾਗ ਦੀ ਕੰਮ ਕਰਨ ਦੀ ਕਪੈਸਿਟੀ ਘੱਟ ਜਾਂਦੀ ਹੈ, ਸਿਰ ਭਾਰਾ, ਦਰਦ ਰਹਿਣ ਲੱਗ ਪੈਦਾ ਹੈ, ਕੰਨ ਭਾਰੇ ਹੋ ਜਾਦੇ ਹਨ, ਅੱਖਾ ਦੀ ਰੌਸਨੀ ਘੱਟ ਜਾਦੀ ਹੈ ਤੇ ਛਾਤੀ ਜਾਮ ਹੋ ਜਾਦੀ ਹੈ। ਸਾਹ ਲੈਣ ਸਮੇ ਸੀਟੀ ਦੀਆ ਅਵਾਜਾ ਆਉਣ ਲੱਗਦੀਆ ਹਨ। ਮਰੀਜਾ ਦੀ ਭੁੱਖ ਮਰ ਜਾਦੀ ਹੈ। ਕਈ ਮਰੀਜ ਅ੍ਰਪਰੇਸਨ ਵੀ ਕਰਾਉਦੇ ਹਨ ਪਰ 6 ਮਹੀਨੇ ਤੋ ਲੈ ਕੇ 2 ਸਾਲ ਬਾਅਦ ਮਰੀਜ ਨੂੰ ਮੁੜ ਇਹੀ ਪ੍ਰਾਬਲਮ ਮੁੜ ਸੂਰ ਹੋ ਜਾਂਦੀ ਹੈ। ਇਸ ਰੋਗ ਦਾ ਮੁੱਖ ਕਾਰਨ ਸਰੀਰ ਦੀਆ ਪ੍ਰਦੂਸਣ ਤੋ ਰੱਖਿਆ ਕਰਨ ਵਾਲੀਆ ਪਹਿਰੇਦਾਰ ਝਿੱਲਿਆ ਜਿਸ ਨੂੰ ਮਿਉਕਸ ਮੈਮਰਨ ਆਖਿਆ ਜਾਦਾ ਹੈ, ਜਿੰਨਾ ਦਾ ਕੰਮ ਸਰੀਰ ਵਿੱਚ ਪ੍ਰਦਸੂਣ ਤੇ ਬੈਕਟੀਰੀਆ ਨੂੰ ਰੋਕਣਾ ਹੁੰਦਾ ਹੈ, ਉਹ ਲੋੜ ਤੋ ਜਿਆਦਾ ਸੈਸਟਿਵ ਹੋ ਜਾਂਦੀਆ ਹਨ, ਬੜੀ ਤੇਜੀ ਹਾਈਪਰ ਹੋ ਕੇ ਕੰਮ ਕਰਦੀਆ ਹਨ, ਕਈ ਵਾਰ ਸੁੱਜ ਜਾਂਦੀਆ ਹਨ, ਜਿਆਦਾ ਰੇਸਾ ਪੈਦਾ ਕਰਦੀਆ ਹਨ, ਤਾਂ ਕਿ ਸਰੀਰ ਵਿੱਚ ਜਾ ਰਹੇ ਪ੍ਰਦੂਸਣ-ਬੈਕਟੀਰੀਆ ਨੂੰ ਰੋਕਿਆ ਤੇ ਬਹਾਰ ਕੱਢਿਆ ਜਾ ਸਕੇ। ਜਿਸ ਕਾਰਨ ਮਰੀਜ ਨੂੰ ਜੁਕਾਮ ਹੋ ਜਾਂਦਾ ਹੈ। ਇਲੈਕਰੋਪੈਥੀ ਦਵਾਈਆ ਨੱਕ ਤੇ ਸਰੀਰ ਦੀਆ ਝਿੱਲਿਆ ਦੀ ਕਾਰਜ ਵਿਧੀ ਨੂੰ ਦਰੁਸਤ, ਨਾਰਮਲ ਕਰ ਦੇਦੀਆ ਹਨ ਜਿਸ ਕਾਰਨ ਨੂੰ ਵਾਰ ਵਾਰ ਹੋ ਵਾਲੀ ਐਲਰਜੀ ਜੁਕਾਮ ਹੱਟ ਜਾਂਦਾ ਹੈ। ਵਾਰ ਵਾਰ ਐਲਰਜੀ ਕਾਰਨ ਹੋਣ ਵਾਲਾ ਜੁਕਾਮ 5 ਤੋ 60 ਦਿਨਾ ਵਿੱਚ ਪੱਕੇ ਤੌਰ ਤੇ ਠੀਕ ਹੋ ਜਾਂਦਾ ਹੈ।

ਪਾਂਠਕਾ ਦੀ ਜਾਣਕਾਰੀ ਹਿੱਤ ਦੱਸ ਦਈਏ ਕਿ ਇਲੈਕਟਰੋਪੈਥੀ ਦਵਾਈਆ ਨਿਰੋਲ 114 ਜੜੀ ਬੂਟੀਆ ਸਪੈਜਰਿਕ ਵਿਧੀ ਨਾਲ ਬਣਦੀਆ ਹਨ। ਇੰਨਾ ਵਿੱਚ ਕੋਈ ਵੀ ਜਾਨਵਰਾ ਦਾ ਅੰਸ, ਕੈਮੀਕਲ ਜਾਂ ਹੈਵੀ ਮੈਟਲ ਨਹੀ ਵਰਤੇ ਜਾਦੇ ਹਨ ਤੇ ਇਸ ਦੀ ਖੋਜ ਇਟਲੀ ਦੇ ਡਾਕਟਰ ਕਾਊਟ ਸੀਜਰ ਮੈਟੀ ਨੇ ਕੀਤੀ ਸੀ। ਇਹ ਦਵਾਈਆ ਮਨੁੱਖ ਦੇ ਰਸ ਦੇ ਖੂਨ ਨੂੰ ਸੁੱਧ ਕਰਦੀਆ ਹਨ, ਸੁੱਧ ਸੈੱਲਾ ਦਾ ਨਿਰਮਾਣ ਕਰਦੀਆ। ਚਮਤਕਾਰੀ ਨਤੀਜੀਆ ਸਦਕਾ ਭਾਰਤ ਤੇ ਪੰਜਾਬ ਵਿੱਚ ਇਹ ਪੈਥੀ ਦਿਨੋ ਦਿਨ ਵੱਧ ਫੁੱਲ ਰਹੀ ਹੈ।

HR Health Care center,
ਇਲੈਕਟਰੋਪੈਥੀ ਪ੍ਰੈਕਟਸੀਨਰ
ਗੁਰਵਿੰਦਰ ਸਿੰਘ
ਕੋਟ ਈਸੇ ਖਾ, ਜਿਲਾ ਮੋਗਾ,
ਪੰਜਾਬ ਫੋਨ 98147--00975

# ਬਾਸ਼ਾ, ਸਾਧੂ ਅਤੇ ਮਾਲਾ

-ਬਲਦੇਵ ਸਿੰਘ (ਸੜਕਨਾਮਾ)

ਦੋਸਤੋ! ਕੋਲਕਾਤਾ ਵਰਗੇ ਮਹਾਨਗਰ ਵਿੱਚ ਟਰਾਂਸਪੋਰਟ ਦਾ ਕਿੱਤਾ ਕਰਦਿਆਂ ਕੁਝ ਆਪਣੇ ਅਤੇ ਕੁਝ ਆਪਣੇ ਡਰਾਈਵਰ ਭਾਈਚਾਰੇ ਦੇ ਅਜਿਹੇ ਰੁਮਾਂਚਿਕ ਅਨੁਭਵ ਹਨ, ਜਿਹੜੇ ਮਨ ਦੀ ਸਲੇਟ ਉਪਰ ਇੰਨੇ ਗੂੜ੍ਹੇ ਉਕਰੇ ਹੋਏ ਨੇ, ਇਹ ਮਿਟਾਇਆਂ ਵੀ ਨਹੀਂ ਮਿਟਦੇ। ਕੁਝ ਅਜਿਹੀਆਂ ਘਟਨਾਵਾਂ ਹਨ, ਜਿਨ੍ਹਾਂ ਵਿੱਚ ਕਿਰਤੀ ਕਾਮਿਆਂ ਦੀ ਹਾਜ਼ਰ ਜਵਾਬੀ ਤੇ ਉਨ੍ਹਾਂ ਦੇ ਉਪਜਾਊ ਦਿਮਾਗਾਂ ਦੀਆਂ ਕਾਢਾਂ ਵੇਖਣ ਵਾਲੀਆਂ ਹਨ। ਉਨ੍ਹਾਂ ਘਟਨਾਵਾਂ ਵਿੱਚੋਂ ਇਕ ਹਾਜ਼ਰ ਹੈ-

ਬਾਸ਼ਾ ਆਪਣਾ ਟਰੱਕ ਲੱਦ ਕੇ ਗੁਹਾਟੀ ਨੂੰ ਜਾ ਰਿਹਾ ਸੀ। ਸਿਲੀਗੁੜੀ ਪਾਰ ਕਰਦਿਆਂ ਹੀ ਮੌਸਮ ਖਰਾਬ ਹੋ ਗਿਆ। ਸੰਘਣੀ ਬੱਦਲਵਾਈ ਨਾਲ ਆਸਮਾਨ ਢੱਕਿਆ ਗਿਆ। ਅਜਿਹੇ ਮੌਸਮ ਵਿੱਚ ਬਾਸ਼ਾ ਅਕਸਰ ਮੱਛਰ ਜਾਇਆ ਕਰਦਾ ਸੀ। ਕੁਝ ਦੇਰ ਪਹਿਲਾਂ ਉਹ ਇਕ ਢਾਬੇ ਉਤੇ ਚਾਹ ਪੀਣ ਲਈ ਰੁਕੇ ਸਨ। ਉਦੋਂ ਬਾਸ਼ਾ ਦੂਜੇ ਡਰਾਈਵਰਾਂ ਨਾਲ ਚਖਮਖੀਆਂ ਤਾਂ ਕਰਦਾ ਰਿਹਾ ਸੀ, ਪਰ ਪਹਿਲਾਂ ਵਾਲੀ ਗੜ੍ਹਕ ਤੇ ਮੜਕ ਨਹੀਂ ਸੀ ਰਹੀ। ਸਰੀਰ ਵਿੱਚ ਪਹਿਲਾਂ ਵਾਲੀਆਂ ਫੁਰਤੀਆਂ ਨਹੀਂ ਸਨ। ਉਸ ਦੀ ਚੜ੍ਹਤ ਵਾਲੇ ਸੂਰਜ ਦੇ ਪਰਛਾਵੇਂ ਢਲਣ ਦੇ ਰਾਹ ਤੁਰ ਪਏ ਸਨ, ਪਰ ਕਦੇ-ਕਦੇ, ਜਿਹੋ ਜਿਹਾ ਅੱਜ ਮੌਸਮ ਸੀ, ਖਰਮਸਤੀਆਂ ਕਰਨ ਨੂੰ ਜੀਅ ਕਰ ਆਉਂਦਾ ਸੀ। ਬਾਸ਼ੇ ਦਾ ਹੈਲਪਰ ਉਸ ਲਈ ਤਲੀ 'ਤੇ ਖੈਣੀ ਮਲਣ ਰੁੱਝਾ ਹੋਇਆ ਸੀ। ਬਾਸ਼ੇ ਦੀ ਨਜ਼ਰ ਗੱਡੀ ਦੇ ਕੈਬਿਨ ਅੰਦਰ ਲੱਗੀ ਕੈਟਰੀਨਾ ਕੈਫ ਦੀ ਤਸਵੀਰ ਉਪਰ ਪਈ ਤਾਂ ਹੈਲਪਰ ਨੂੰ ਝਿੜਕਿਆ, 'ਕੰਜਰਾ, ਫੋਟੋ ਨੂੰ ਸਾਫ ਨੀਂ ਕੀਤਾ ਉਏ? ਐਨਾ ਘੱਟਾ ਪਿਆ ਐ ਉਪਰ? ਏਨੀ ਕੋਮਲ ਦੇਹ, ਘੱਟਾ ਸਹਾਰਨ ਜੋਗੀ ਹੈਗੀ ਐ?' ਉਸ ਨੇ ਹੈਲਪਰ ਵੱਲ ਕੱਪੜਾ ਸੁੱਟਿਆ, 'ਸਾਫ ਕਰ ਇਹਨੂੰ। ਵੇਖ ਕਿਵੇਂ ਰੁੱਸਿਆ ਜਿਹਾ ਮੂੰਹ ਬਣਾਈ ਬੈਠੀ ਐ।'

ਸਾਹਮਣੇ ਸੜਕ ਦੇ ਕਿਨਾਰੇ-ਕਿਨਾਰੇ ਤੁਰੇ ਜਾਂਦੇ ਦੋ ਸਾਧੂਆਂ ਨੇ ਟਰੱਕ ਨੂੰ ਰੁਕਣ ਲਈ ਹੱਥ ਦਿੱਤਾ ਤਾਂ ਬਾਸ਼ਾ ਨੇ ਮਨ ਵਿੱਚ ਸੋਚਿਆ, 'ਰੱਬ ਦੇ ਭਗਤ ਨੇ' ਗੱਡੀ ਰੋਕ ਲਈ। ਫਿਰ ਗੇਅਰ ਲਾਉਂਦਿਆਂ ਬਾਸ਼ਾ ਪਹਿਲਾਂ ਸਾਧਾਂ ਵੱਲ ਨੀਝ ਨਾਲ ਝਾਕਿਆ। ਉਸ ਦੀ ਅੰਦਰਲੀ ਜਗਿਆਸਾ ਨੇ ਸਿੰਗ ਚੁੱਕੇ, ਪੁੱਛਿਆ, 'ਬਾਬਿਆਂ ਨੇ ਕਿੱਧਰ ਚਾਲੇ ਪਾਏ ਜੇ?'

'ਜਿੱਥੇ ਅੰਨ ਪਾਣੀ ਲੈ ਜਾਏਗਾ ਭਗਤਾ।' ਇਕ ਸਾਧੂ ਬੋਲਿਆ।

'ਅੰਨ ਪਾਣੀ ਆਪੇ ਚੱਲ ਕੇ ਨਹੀਂ ਆਉਂਦਾ ਬਾਬਿਆਂ ਕੋਲ?' ਬਾਸ਼ੇ ਨੇ ਟੇਢੀ ਅੱਖ ਝਾਕਦਿਆਂ ਪੁੱਛਿਆ।

'ਅਸੀਂ ਤਾਂ ਰਸਤੇ ਆਂ ਭਗਤਾ। ਅੱਜ ਇੱਥੁ, ਕੱਲ੍ਹ ਦਾ ਪਤਾ ਨਹੀਂ। ਅੰਨ ਪਾਣੀ ਤੇ ਜਿੱਥੇ ਮੋਹਰ ਲੱਗੀ ਹੋਈ ਦਾਤਾ ਬੁਲਾ ਲਏਗਾ।'

'ਮੋਹਰ ਬਗਲੀ 'ਚ ਨਹੀਂ ਰੱਖਦੇ?' ਬਾਸ਼ਾ ਹੱਸਿਆ।

'ਰੱਬ ਦੇ ਬੰਦਿਆਂ ਨੂੰ ਮਖੌਲ ਨਹੀਂ ਕਰੀਦੇ ਭਗਤਾ।' ਦੂਜਾ ਸਾਧ ਬੋਲਿਆ।

'ਸਾਧੂਆਂ ਦੀ ਸਹਿਜ ਭਾਅ ਆਖੀ ਗੱਲ ਬਿਰਥੀ ਨਹੀਂ ਜਾਂਦੀ, ਭਗਤਾ।' ਪਹਿਲੇ ਸਾਧੂ ਨੇ ਕਿਹਾ।

'ਵੇਖਿਓ ਬਾਬਿਓ! ਸਰਾਪ ਨਾ ਦੇ ਦਿਓ।' ਬਾਸ਼ੇ ਨੇ ਡਰਨ ਦਾ ਵਿਖਾਵਾ ਕੀਤਾ।

'ਨਾ ਭਗਤਾ ਨਾ, ਤੂੰ ਸਾਨੂੰ ਆਸਰਾ ਦਿੱਤਾ। ਭੁੱਖੇ ਸਾਧੂਆਂ ਨੂੰ ਭੋਜਨ ਵੀ ਛਕਾਏਂਗਾ ਕਿਧਰੇ। ਨਾਲੇ ਰੱਬ ਦਾ ਨਾਮ ਜਪਿਆ ਕਰ ਭਗਤਾ। ਤੇਰਾ ਮੱਥਾ ਬੜ ਭਾਗਾਂ ਵਾਲਾ ਐ। ਇਹ ਟਰੱਕ ਤੇਰਾ ਆਪਣਾ ਹੈ ਨਾ ਭਗਤਾ?' ਪਹਿਲੇ ਸਾਧੂ ਨੇ ਬਾਸ਼ੇ ਦਾ ਤਿੱਖਾ ਸੁਭਾਅ ਭਾਂਪ ਕੇ ਗੱਲ ਹੋਰ ਪਾਸੇ ਪਾਉਣੀ ਚਾਹੀ।

'ਬਾਬਿਓ ਆਪਣੀ ਗੱਡੀ ਕਿੱਥੇ। ਕਿਸਮਤ ਵਿੱਚ ਸਾਰੀ ਉਮਰ ਡਰਾਈਵਰੀ ਕਰਨੀ ਲਿਖੀ ਹੈ।' ਬਾਸ਼ੇ ਨੇ ਹੈਲਪਰ ਵੱਲ ਝਾਕ ਕੇ ਅੱਖ ਦੱਬੀ।

'ਜਲਦੀ ਮਾਲਕ ਬਣੇਂਗਾ ਭਗਤਾ। ਤੇਰਾ ਮੱਥਾ ਬੜਾ ਭਾਗਾਂ ਵਾਲਾ ਐ।'

ਆਖਦਿਆਂ ਸਾਧੂ ਨੇ ਆਪਣੀ ਬਗਲੀ ਵਿੱਚ ਹੱਥ ਪਾਇਆ ਤੇ ਇਕ ਮਾਲਾ ਕੱਢ ਲਈ।

'ਆਹ ਫੜ ਭਗਤਾ, ਮਾਲਾ ਫੇਰਿਆ ਕਰ। ਜਿੰਨੀ ਮਾਲਾ ਫੇਰੇਂਗਾ, ਓਨੀ ਜਲਦੀ ਡਰਾਈਵਰ ਤੋਂ ਮਾਲਕ ਬਣੇਂਗਾ।'

'...ਤੇ ਗੱਡੀ ਕੌਣ ਚਲਾਏਗਾ ਬਾਬਿਓ?' ਬਾਸ਼ੇ ਨੇ ਮਾਲਾ ਫੜ ਕੇ ਡੈਸ਼ ਬੋਰਡ 'ਤੇ ਰੱਖਦਿਆਂ ਪੁੱਛਿਆ।

'ਤੇਰੇ ਸਭ ਕਾਰਜ ਰਾਸ ਆਉਣਗੇ ਭਗਤਾ। ਅੱਗੇ ਜਿਹੜੀ ਬਸਤੀ ਆਏਗੀ, ਸਾਨੂੰ ਉਥੇ ਲਾਹ ਦੇਣਾ।'

'ਨਾਲੇ ਆਖਦੇ ਜੇ, ਭੋਜਨ ਛਕਣੈ..?'

'ਕਦੇ ਫੇਰ ਸਹੀ ਭਗਤਾ। ਸਾਨੂੰ ਅੱਗੇ ਲਾਹ ਦੇਣਾ।'

ਬਾਸ਼ਾ ਸਾਧੂਆਂ ਨੂੰ ਅਗਲੀ ਬਸਤੀ ਲਾਗੇ ਉਤਾਰ ਕੇ ਚਲਾ ਗਿਆ। ਗੁਹਾਟੀ ਪੁੱਜਿਆ ਤਾਂ ਉਥੇ ਹੜਤਾਲ ਸੀ। ਪੂਰੇ ਦਸ ਦਿਨ ਗੱਡੀ ਖੜੀ ਰਹੀ। ਮਾਲ ਲੋਡ ਕਰਕੇ ਵਾਪਸ ਕੋਲਕਾਤੇ ਵੱਲ ਮੁੜਦਿਆਂ ਇਕ ਢਾਬੇ ਉਤੇ ਚਾਹ ਪੀਣ ਲਈ ਉਨ੍ਹਾਂ ਗੱਡੀ ਰੋਕ ਲਈ। ਸਬੱਬ ਨਾਲ ਉਹੀ ਸਾਧੂ ਫੇਰ ਢਾਬੇ ਉਤੇ ਮਿਲ ਪਏ। ਉਨ੍ਹਾਂ ਨੂੰ ਵੇਖਦਿਆਂ ਹੀ ਟਿੱਚਰ ਕਰਨ ਵਾਂਗ ਬਾਸ਼ੇ ਨੇ ਦੋਵੇਂ ਹੱਥ ਉਪਰ ਵੱਲ ਜੋੜਦਿਆਂ ਜੈਕਾਰਾ ਛੱਡਿਆ, 'ਬਾਬਿਆਂ ਦੀ ਜੈ।'

'ਜਿਉਂਦਾ ਰਹਿ ਭਗਤਾ।' ਦੋਵਾਂ ਸਾਧੂਆਂ ਨੇ ਉਸ ਨੂੰ ਪਛਾਣ ਲਿਆ।

'ਅੱਜ ਕੀਹਦੇ ਅੰਨ ਪਾਣੀ 'ਤੇ ਮੋਹਰ ਲਾਉਣ ਲੱਗੇ ਜੇ ਬਾਬਿਓ?' ਬਾਸ਼ਾ ਹੱਸਿਆ।

'ਰੱਬ ਦਾ ਨਾਮ ਜਪਿਆ ਕਰ ਭਗਤਾ। ਅਸੀਂ ਤੈਨੂੰ ਮਾਲਾ ਦੇ ਗਏ ਸਾਂ, ਫੇਰਦਾ ਹੁੰਨਾ ਏ ਨਾ?' ਸਾਧਾਂ ਨੇ ਗੱਲ ਨੂੰ ਹੋਰ ਪਾਸੇ ਮੋੜ ਲਿਆ।

'ਮੈਂ ਤਾਂ ਦਿਨ ਰਾਤ ਇਕ ਕਰ ਦਿੱਤੀ ਬਾਬਿਓ?' ਮੰਜੇ ਉਤੇ ਬੈਠਾ ਬਾਸ਼ਾ ਬੋਲਿਆ, 'ਮਾਲਾ ਫੇਰ ਕੇ ਘਸ ਛੱਡੀ ਉ। ਤੁਹਾਨੂੰ ਤਾਂ ਪਛਾਣ ਵਿੱਚ ਨਹੀਂ ਆਣੀ। ਵੇਖਣੀ ਜੇ?'

ਸਾਧੂ ਹੈਰਾਨ ਹੋਏ। ਦੋਵੇਂ ਇਕ ਦੂਜੇ ਵੱਲ ਝਾਕੇ। ਜਗਿਆਸਾ ਵੀ ਹੋਈ। ਮਾਲਾ ਫੇਰ-ਫੇਰ ਘਸਾ ਕਿਵੇਂ ਦਿੱਤੀ?'

'ਇਧਰ ਆਓ ਵਿਖਾਵਾਂ।' ਬਾਸ਼ਾ ਇਸ਼ਾਰੇ ਨਾਲ ਉਨ੍ਹਾਂ ਨੂੰ ਟਰੱਕ ਦੇ ਪਿਛਲੇ ਪਾਸੇ ਟਾਇਰਾਂ ਕੋਲ ਲੈ ਗਿਆ।

ਬਾਸ਼ਾ ਬੋਲਿਆ, 'ਮੈਂ ਲੱਖਾਂ ਵਾਰੀ, ਕਰੋੜਾਂ ਵਾਰੀ, ਕਰੋੜਾਂ ਤੋਂ ਵੀ ਕਰੋੜਾਂ ਵਾਰੀ ਧਾਅਡੀ ਮਾਲਾ ਫੇਰ ਛੱਡੀ ਹੋਊ, ਆਹ ਵੇਖੋ।'

ਸਾਧੂਆਂ ਨੇ ਵੇਖਿਆ, ਪਿਛਲੇ ਚੱਕੇ ਦੀ ਹੱਬ ਨਾਲ ਮਾਲਾ ਲਪੇਟ ਕੇ ਪੂਰੀ ਕੱਸ ਕੇ ਬੰਨ੍ਹੀ ਹੋਈ ਹੈ। ਚਿੱਕੜ ਮਿੱਟੀ ਨਾਲ ਬਦਰੰਗ ਹੋ ਕੇ ਉਸ ਦੀ ਪਛਾਣ ਵਿਗੜੀ ਹੋਈ ਹੈ।

ਦੋਵੇਂ ਸਾਧੂ ਫੇਰ ਇਕ ਦੂਜੇ ਵੱਲ ਝਾਕੇ। ਹੈਰਾਨੀ ਨਾਲ ਉਨ੍ਹਾਂ ਦੀਆਂ ਅੱਖਾਂ ਤੇ ਮੂੰਹ ਟੱਡੇ ਗਏ।

ਉਸ ਵੇਲੇ ਬਾਸ਼ਾ ਗਿੱਚੀ ਖੁਰਕਦਾ ਮੁਸ਼ਕੜੀਏਂ ਹੱਸੀ ਜਾ ਰਿਹਾ ਸੀ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ
TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority

JF Insurance Agency Group Inc.

Specialized in Hospital and Medical Insurance for
Visitors, Canadian Travellers and International Students since 1992

Join and Represent Us

- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca

Toronto Head Office:
15 wertheim court # 501
Richmond Hill, ON L4B 3H7

# ਜ਼ਰੂਰ ਜਾਣੋ

|| ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ||

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ਼੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ
ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਨਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:
satlokashramcanada@gmail.com
satsahibusa@gmail.com
647-739-4641
346-714-0224

# ਸੱਭਿਆਚਾਰ ਦੇ ਨਾਂ ਉੱਤੇ ਸਿਰਜਿਆ ਭਰਮ-ਜਾਲ

ਸੁਖਮਿੰਦਰ ਸਿੰਘ ਸਹਿਸਰਾ

ਸੱਭਿਆਚਾਰ ਸ਼ਬਦ ਦੋ ਸ਼ਬਦਾਂ 'ਸਭਿਆ' ਅਤੇ 'ਆਚਾਰ' ਦੇ ਮੇਲ ਨਾਲ ਬਣਿਆ ਹੈ। 'ਸਭਿਆ' ਦਾ ਅਰਥ ਚੰਗਾ ਜਾਂ ਸਾਊ ਅਤੇ 'ਆਚਾਰ' ਦਾ ਅਰਥ ਹੈ ਵਿਹਾਰ ਜਾਂ ਵਤੀਰਾ। ਸਾਡੇ ਜ਼ਿਆਦਾ ਲੋਕ ਪੰਜਾਬੀ ਗੀਤ, ਚਾਟੀਆਂ, ਮਧਾਣੀਆਂ ਤੇ ਚਰਖੇ ਆਦਿ ਨੂੰ ਹੀ ਪੰਜਾਬੀ ਸੱਭਿਆਚਾਰ ਸਮਝਦੇ ਹਨ। ਸੱਭਿਆਚਾਰ ਦੀ ਇਸ ਗਲਤ ਪੇਸ਼ਕਾਰੀ ਲਈ ਆਪਣੇ ਆਪ ਨੂੰ ਸੱਭਿਆਚਾਰ ਦੇ ਵਾਰਿਸ ਕਹਾਉਣ ਵਾਲੇ ਜ਼ਿੰਮੇਵਾਰ ਹਨ। ਉਨ੍ਹਾਂ ਨੂੰ ਇਹ ਨਹੀਂ ਪਤਾ ਕਿ ਚੰਗਾ ਵਿਹਾਰ ਸਾਡਾ ਸੱਭਿਆਚਾਰ ਹੈ ਤੇ ਚਾਟੀਆਂ, ਮਧਾਣੀਆਂ ਤੇ ਚਰਖੇ ਆਦਿ ਵਸਤੂਆਂ ਤਾਂ ਪੰਜਾਬੀ ਸੱਭਿਅਤਾ ਦੀਆਂ ਨਿਸ਼ਾਨੀਆਂ ਜਾਂ ਯਾਦਾਂ ਹਨ। ਉਹ ਇਨ੍ਹਾਂ ਨਿਸ਼ਾਨੀਆਂ ਨੂੰ ਪੰਜਾਬੀ ਸੱਭਿਆਚਾਰ ਵਜੋਂ ਪੇਸ਼ ਕਰਕੇ ਆਪਣੀਆਂ ਦੁਕਾਨਾਂ ਚਲਾ ਕੇ ਪੰਜਾਬੀਅਤ ਨਾਲ ਮੋਹ ਰੱਖਣ ਵਾਲਿਆਂ ਦੀ ਮਾਨਸਿਕਤਾ ਨੂੰ ਗੁੰਮਰਾਹ ਕਰ ਰਹੇ ਹਨ।

ਸੱਭਿਅਤਾ ਤੇ ਸੱਭਿਆਚਾਰ ਦੋ ਵੱਖੋ-ਵੱਖ ਵਰਤਾਰੇ ਹਨ। ਕਿਸੇ ਦੇਸ਼ ਜਾਂ ਸਮਾਜ ਦੇ ਲੋਕਾਂ ਦਾ ਜਿਊਣ ਦਾ ਢੰਗ ਸੱਭਿਅਤਾ ਹੈ ਤੇ ਚੰਗਾ ਸਾਊ ਵਤੀਰਾ ਜਾਂ ਵਿਹਾਰ ਸੱਭਿਆਚਾਰ ਹੈ। ਸਮੇਂ ਨਾਲ ਸੱਭਿਅਤਾ ਬਦਲਦੀ ਹੈ, ਪਰ ਸੱਭਿਆਚਾਰ ਨਹੀਂ ਬਦਲਣਾ ਚਾਹੀਦਾ। ਜਦੋਂ ਚੰਗਾ ਆਚਾਰ ਮਾੜੇ ਵਿੱਚ ਬਦਲ ਜਾਵੇ ਤਾਂ ਇਸ ਨੂੰ ਸੱਭਿਆਚਾਰ ਨਹੀਂ, ਦੁਰ-ਆਚਾਰ ਜਾਂ ਅਸੱਭਿਆਚਾਰ ਕਹਿੰਦੇ ਹਨ। ਕਾੜ੍ਹਨੇ, ਘੜੇ, ਚਾਟੀਆਂ, ਘੜਵੰਜੀਆਂ, ਮਧਾਣੀਆਂ, ਛੱਜ, ਚਰਖੇ, ਫੁਲਕਾਰੀਆਂ, ਚੁੱਲ੍ਹੇ, ਲੋਹਾਂ, ਪਰਾਤਾਂ, ਪਾਥੀਆਂ, ਗਹੀਰੇ, ਮੂਸਲ, ਹਲ, ਪੰਜਾਲੀਆਂ ਆਦਿ ਪੰਜਾਬੀ ਸੱਭਿਅਤਾ ਨਾਲ ਜੁੜੀਆਂ ਵਸਤਾਂ ਹਨ। ਇਹ ਵਸਤਾਂ ਪੰਜਾਬੀਆਂ ਦੇ ਜੀਵਨ ਦਾ ਜ਼ਰੂਰੀ ਹਿੱਸਾ ਨਾ ਰਹਿਣ ਕਾਰਨ ਸੱਭਿਅਤਾ ਦੀਆਂ ਨਿਸ਼ਾਨੀਆਂ ਜਾਂ ਯਾਦਾਂ ਬਣ ਗਈਆਂ। ਇਨ੍ਹਾਂ ਨੂੰ ਸੱਭਿਆਚਾਰ ਵਜੋਂ ਪੇਸ਼ ਕਰਨਾ ਉਚਿਤ ਨਹੀਂ ਹੈ।

ਕੁਝ ਸ਼ਬਦਾਂ ਨਾਲ ਕਿਸੇ ਸਮਾਜ ਦੀ ਹਮਦਰਦੀ ਜਾਂ ਪਿਆਰ ਜੁੜ ਜਾਂਦਾ ਹੈ। ਸੱਭਿਆਚਾਰ ਸ਼ਬਦ ਨਾਲ ਵੀ ਹਰ ਪੰਜਾਬੀ ਨੂੰ ਪਿਆਰ ਹੈ। ਸੱਭਿਆਚਾਰ ਦੇ ਵਾਰਿਸ ਇਸ ਪਿਆਰ ਦਾ ਫਾਇਦਾ ਵਪਾਰ ਬਣਾ ਕੇ ਉਠਾ ਰਹੇ ਹਨ। ਸਾਰੇ ਸੱਭਿਆਚਾਰਕ ਮੰਚ/ ਸੁਸਾਇਟੀਆਂ/ ਸਭਾਵਾਂ/ ਸੰਸਥਾਵਾਂ/ ਪਿੜ/ ਗਰੁੱਪ ਤੇ ਪੰਜਾਬੀ ਗਾਇਕ, ਗੀਤਕਾਰ ਆਪਣੇ ਆਪ ਨੂੰ ਸੱਭਿਆਚਾਰ ਦੇ ਵਾਰਿਸ ਕਹਾਉਂਦੇ ਹਨ। ਠੀਕ ਹੈ, ਪਹਿਲਾਂ ਪਹਿਲ ਕੁਝ ਗੀਤਕਾਰ ਅਤੇ ਗਾਇਕ ਸੱਭਿਅਤਾ ਦੀਆਂ ਇਨ੍ਹਾਂ ਨਿਸ਼ਾਨੀਆਂ ਨੂੰ ਆਪਣੇ ਗੀਤਾਂ ਦਾ ਵਿਸ਼ਾ ਬਣਾਉਂਦੇ ਸਨ, ਪਰ ਅਜੋਕੇ ਗੀਤਕਾਰਾਂ ਅਤੇ ਗਾਇਕਾਂ ਦੇ ਗੀਤਾਂ ਵਿੱਚ ਇਨ੍ਹਾਂ ਨਿਸ਼ਾਨੀਆਂ ਦਾ ਭੋਰਾ ਵੀ ਜ਼ਿਕਰ ਨਹੀਂ, ਸਗੋਂ ਵਿਸ਼ੇ ਸਮਾਜ ਨੂੰ ਕੁਰਾਹੇ ਪਾਉਣ ਵਾਲੇ ਹਨ। ਕਾਰਪੋਰੇਟ ਜਗਤ ਦੇ ਵਪਾਰੀ ਵੱਡੇ-ਵੱਡੇ ਪੰਜਾਬੀ ਢਾਬੇ ਖੋਲ੍ਹ ਕੇ ਸੱਭਿਆਚਾਰ ਦੇ ਨਵੇਂ ਵਾਰਿਸ ਬਣ ਗਏ ਹਨ।



ਪੰਜਾਬ ਵਿੱਚ ਅਨੇਕਾਂ ਸੱਭਿਆਚਾਰਕ ਮੰਚ/ ਸਭਾ/ ਸੁਸਾਇਟੀਆਂ ਸੱਭਿਅਤਾ ਦੀਆਂ ਲੋਪ ਹੋ ਚੁੱਕੀਆਂ ਵਸਤੂਆਂ ਕਿਰਾਏ 'ਤੇ ਲੈ ਕੇ ਸਟੇਜ ਉਤੇ ਸਜਾ ਕੇ ਪੰਜਾਬੀ ਗੀਤਾਂ ਉੱਤੇ ਕੋਰੀਓਗ੍ਰਾਫੀ ਰਾਹੀਂ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਮੰਤਵ ਨਾਲ ਮੇਲੇ ਲਾਉਂਦੇ ਹਨ। ਕਿਸੇ ਨਾ ਕਿਸੇ ਰਾਜਨੀਤਕ ਆਗੂ ਨੂੰ ਮੁੱਖ ਮਹਿਮਾਨ ਵਜੋਂ ਬੁਲਾ ਲੈਂਦੇ ਹਨ। ਇਕੱਠ ਦੇਖ ਕੇ ਨੇਤਾਵਾਂ ਦੇ ਮੂੰਹ ਵਿੱਚ ਪਾਣੀ ਆ ਜਾਂਦਾ ਹੈ, ਕਿਉਂਕਿ ਉਨ੍ਹਾਂ ਨੂੰ ਗੱਲ ਕਰਨ ਨੂੰ ਮੰਚ ਮਿਲ ਜਾਂਦਾ ਹੈ। ਨੇਤਾ ਆਪਣੀ ਗੱਲ ਕਹਿ ਜਾਂਦੇ ਹਨ ਤੇ ਅਹੁਦੇਦਾਰਾਂ ਦੀ ਮਾਇਕ ਸਹਾਇਤਾ ਕਰ ਜਾਂਦੇ ਹਨ। ਵਾਰਿਸ ਨੇਤਾਵਾਂ ਤੋਂ ਕਈ ਨਿੱਜੀ ਕੰਮ ਵੀ ਲੈਂਦੇ ਹਨ। ਕਈ ਵਾਰਿਸਾਂ ਨੇ ਇਸ ਕੰਮ ਨੂੰ ਕਮਾਈ ਦਾ ਜ਼ਰੀਆ ਬਣਾ ਲਿਆ ਹੈ। ਆਪਣੀ ਮਿੱਟੀ ਨਾਲ ਮੋਹ ਰੱਖਣ ਵਾਲੇ ਕਈ ਪੰਜਾਬੀ ਵਿਦੇਸ਼ਾਂ ਵਿੱਚੋਂ ਇਨ੍ਹਾਂ ਵਾਰਿਸਾਂ ਨੂੰ ਸੱਭਿਆਚਾਰ ਦੀ ਸੇਵਾ ਲਈ ਪੈਸੇ ਭੇਜਦੇ ਹਨ। ਕਈਆਂ ਨੇ ਵਿਦੇਸ਼ ਉਡਾਰੀ ਮਾਰਨ ਲਈ ਇਸ ਨੂੰ ਕਾਰੋਬਾਰ ਬਣਾ ਲਿਆ ਹੈ। ਕਈ ਸੱਭਿਆਚਾਰ ਨੂੰ ਵਿਦੇਸ਼ਾਂ ਵਿੱਚ ਪ੍ਰਫੁੱਲਿਤ ਕਰਨ ਦੇ ਮੰਤਵ ਨਾਲ ਉਡਾਰੀ ਮਾਰ ਕੇ ਕਾਨੂੰਨੀ ਜਾਂ ਗੈਰ ਕਾਨੂੰਨੀ ਢੰਗ ਨਾਲ ਓਥੇ ਜਾ ਵਸੇ ਹਨ। ਜਾਣ ਮਗਰੋਂ ਇਨ੍ਹਾਂ ਮੁਦਈਆਂ ਨੇ ਚਾਟੀਆਂ, ਮਧਾਣੀਆਂ ਤੇ ਚਰਖਿਆਂ ਵੱਲ ਮੁੜ ਕੇ ਨਹੀਂ ਦੇਖਿਆ। ਵਿਆਹਾਂ ਜਾਂ ਹੋਰ ਖੁਸ਼ੀ ਦੇ ਮੌਕਿਆਂ 'ਤੇ ਰੰਗਾ ਰੰਗ ਪ੍ਰੋਗਰਾਮਾਂ ਲਈ ਕਈ ਸੱਭਿਆਚਾਰਕ ਗਰੁੱਪ ਬਣੇ ਹੋਏ ਹਨ। ਇਹ ਗਰੁੱਪ ਵੀ ਸੱਭਿਅਤਾ ਦੀਆਂ ਨਿਸ਼ਾਨੀਆਂ ਨੂੰ ਸਟੇਜ ਉਤੇ ਸੱਭਿਆਚਾਰ ਦੀ ਗਲਤ ਪੇਸ਼ਕਾਰੀ ਕਰ ਰਹੇ ਹਨ। ਇਨ੍ਹਾਂ ਸੱਭਿਆਚਾਰ ਦੇ ਵਾਰਿਸਾਂ ਨੇ ਅਸਲ ਵਾਰਿਸ ਗਾਇਕਾਂ ਨੂੰ ਨੁੱਕਰੇ ਲਾ ਦਿੱਤਾ ਹੈ। ਇਹ ਘੱਟ ਪੈਸਿਆਂ ਵਿੱਚ ਹੀ ਪ੍ਰਸਿੱਧ ਗਾਇਕਾਂ ਦੇ ਗੀਤਾਂ ਉਤੇ ਨੱਚ ਕੇ ਚੋਖਾ ਰੰਗ ਬੰਨ੍ਹ ਦਿੰਦੇ ਹਨ। ਗਾਇਕਾਂ ਦੇ ਲੱਖਾਂ ਰੁਪਏ ਐਲਬਮ ਨੂੰ ਤਿਆਰ ਕਰਨ ਅਤੇ ਪ੍ਰਚਾਰ ਉੱਤੇ ਲੱਗ ਜਾਂਦੇ ਹਨ। ਕੈਸੇਟ ਅਤੇ ਸੀ ਡੀ, ਯੁੱਗ ਪਹਿਲਾਂ ਹੀ ਖਤਮ ਹੋ ਚੁੱਕਾ ਹੈ। ਗਾਇਕਾਂ ਨੂੰ ਪ੍ਰੋਗਰਾਮਾਂ ਦੀ ਆਸ ਹੁੰਦੀ ਹੈ। ਇਹ ਪ੍ਰੋਗਰਾਮ ਸੱਭਿਆਚਾਰਕ ਗਰੁੱਪ ਲੈ ਜਾਂਦੇ ਹਨ। ਇਸ ਮਸਲੇ ਬਾਰੇ ਗਾਇਕਾਂ ਤੇ ਗਰੁੱਪਾਂ ਵਿਚਾਲੇ ਕਈ ਵਾਰ ਝੜਪਾਂ ਵੀ ਹੋਈਆਂ। ਜੇ ਦੋਵਾਂ ਦਾ ਮੰਤਵ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨਾ ਹੁੰਦਾ ਤਾਂ ਇਹ ਝੜਪਾਂ ਨਾ ਹੁੰਦੀਆਂ। ਰਲ ਮਿਲ ਕੇ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਦੇ, ਪਰ ਮੰਤਵ ਤਾਂ ਸੱਭਿਆਚਾਰ ਦੇ ਨਾਂ 'ਤੇ ਆਪੋ ਆਪਣੀ ਦੁਕਾਨਦਾਰੀ ਚਲਾਉਣ ਦਾ ਹੈ।

ਸੱਭਿਆਚਾਰ ਦੇ ਨਵੇਂ ਵਾਰਿਸ ਬਣੇ ਕਾਰਪੋਰੇਟ ਜਗਤ ਦੇ ਵਪਾਰੀਆਂ ਨੇ ਕਈ ਸ਼ਹਿਰਾਂ ਵਿੱਚ ਮੁੱਖ ਮਾਰਗਾਂ ਉੱਤੇ ਵੱਡੇ ਵਿਰਾਸਤੀ ਢਾਬੇ, ਪਿੰਡ ਅਤੇ ਹਵੇਲੀਆਂ ਖੋਲ੍ਹ ਲਈਆਂ ਹਨ। ਇਹ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਮੰਤਵ ਨਾਲ ਸੱਭਿਅਤਾ ਨਾਲ ਜੁੜੀਆਂ ਵਸਤਾਂ ਸਜਾ ਕੇ ਭੰਗੜੇ, ਗਿੱਧੇ, ਪੰਜਾਬੀ ਗੀਤਾਂ ਦੀ ਪੇਸ਼ਕਾਰੀ ਨਾਲ ਗਾਹਕ ਸੱਦ ਕੇ ਵਪਾਰ ਕਰ ਰਹੇ ਹਨ। ਖਾਣੇ ਸਮੇਤ ਵਿਰਾਸਤੀ ਚੀਜ਼ਾਂ ਦੇਖਣ ਅਤੇ ਮਨੋਰੰਜਨ ਲਈ ਮਹਿੰਗੀਆਂ ਟਿਕਟਾਂ ਰੱਖੀਆਂ ਹੋਈਆਂ ਹਨ। ਇਹ ਵਾਰਿਸ ਵੀ ਸੱਭਿਆਚਾਰ ਪ੍ਰਫੁੱਲਿਤ ਕਰਨ ਬਹਾਨੇ ਆਪਣੀ ਦੁਕਾਨਦਾਰੀ ਚਲਾ ਰਹੇ ਹਨ। ਅਸੀਂ ਇਨ੍ਹਾਂ ਦੇ ਵਿਰੋਧੀ ਨਹੀਂ ਹਾਂ, ਪਰ ਆਪਣੇ ਸੱਭਿਆਚਾਰ ਦੀ ਗਲਤ ਪੇਸ਼ਕਾਰੀ ਦੇ ਵਿਰੋਧੀ ਜ਼ਰੂਰ ਹਾਂ। ਇਹ ਵਾਰਿਸ ਨਾ ਸੱਭਿਆਚਾਰ ਦੇ ਮਾਅਨੇ ਨੂੰ ਆਪ ਸਮਝ ਸਕੇ ਤੇ ਨਾ ਇਸ ਦੀ ਸਹੀ ਪੇਸ਼ਕਾਰੀ ਕਰ ਸਕੇ। ਸਮਝਣ ਦੇ ਇਛੁੱਕ ਪੰਜਾਬੀਆਂ ਦੀ ਅਕਲ ਨੂੰ ਵੀ ਗਲਤ ਪੇਸ਼ਕਾਰੀ ਨਾਲ ਜਿੰਦਰਾ ਮਾਰ ਦਿੱਤਾ। ਅੱਜ ਹਰ ਪੰਜਾਬੀ ਨੂੰ ਸੱਭਿਆਚਾਰ ਦੇ ਮਾਅਨਿਆਂ ਨੂੰ ਖੁਦ ਸਮਝ ਕੇ ਗੁਆਚ ਚੁੱਕੇ ਪੰਜਾਬੀ ਸੱਭਿਆਚਾਰ ਨੂੰ ਮੁੜ ਬਹਾਲ ਕਰਨ ਲਈ ਯਤਨ ਕਰਨ ਦੀ ਲੋੜ ਹੈ।

# ਬਾਏ ਬਾਏ ਪੱਪੂ ਅਤੇ ਹੈਲੋ ਰਾਹੁਲ ਗਾਂਧੀ

-ਕਰਣ ਥਾਪਰ

ਪਰਟੀ ਬਹੁਤ ਰੋਮਾਂਚਿਤ ਸੀ, ਜਿਸ ਨੇ ਬੁੱਧਵਾਰ ਸਵੇਰੇ ਮੈਨੂੰ ਫੋਨ ਕਰ ਦਿੱਤਾ ਤੇ ਲੰਮਾ ਸਾਹ ਲੈਂਦਿਆਂ ਮੇਰੇ ਨਾਲ ਗੱਲ ਕੀਤੀ, "ਅੱਗੇ ਤੋਂ ਤੁਸੀਂ ਉਸ ਨੂੰ 'ਪੱਪੂ' ਨਹੀਂ ਕਹਿ ਸਕਦੇ। ਇਨ੍ਹਾਂ ਚੋਣਾਂ ਨਾਲ ਉਸ ਨੇ ਆਪਣੇ ਸਿਆਸੀ ਪੈਰ ਜਮਾ ਲਏ ਹਨ ਤੇ ਉਨ੍ਹਾਂ ਉਤੇ ਖੜ੍ਹਾ ਹੋ ਗਿਆ ਹੈ।" ਮੈਂ ਸ਼ਾਇਦ ਹੀ ਕਦੇ ਪਰਟੀ ਨੂੰ ਕਿਸੇ ਸਿਆਸੀ ਮੁੱਦੇ ਬਾਰੇ ਇੰਨੀ ਜ਼ੋਰਦਾਰ ਆਵਾਜ਼ ਉਠਾਉਂਦੇ ਹੋਏ ਦੇਖਿਆ ਸੀ, ਕਿਉਂਕਿ ਆਮ ਤੌਰ ਉੱਤੇ ਉਸ ਦੀ ਅਜਿਹੇ ਮਾਮਲਿਆਂ ਵਿੱਚ ਦਿਲਚਸਪੀ ਨਹੀਂ ਹੁੰਦੀ। ਫਿਰ ਵੀ ਉਸ ਦੀ ਗੱਲ ਨੇ ਮੈਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

ਕੀ ਉਹ ਸਹੀ ਸੀ? ਤਿੰਨ ਹਿੰਦੀ-ਭਾਸ਼ੀ ਰਾਜਾਂ ਦੇ ਚੋਣ ਨਤੀਜਿਆਂ ਤੋਂ ਬਾਅਦ ਕੀ ਰਾਹੁਲ ਗਾਂਧੀ ਦੇ ਅਕਸ ਵਿੱਚ ਤਬਦੀਲੀ ਆਈ ਹੈ? ਕੀ ਇਨ੍ਹਾਂ ਚੋਣਾਂ ਵਿੱਚ ਜਿੱਤ ਨਾਲ ਉਸ ਨੇ ਆਪਣੀ ਸਿਆਸੀ ਭਰੋਸੇ ਯੋਗਤਾ ਬਣਾ ਲਈ ਹੈ? ਮੇਰਾ ਛੋਟਾ ਜਿਹਾ ਜਵਾਬ 'ਹਾਂ' ਹੋਵੇਗਾ, ਪਰ ਮੈਂ ਇਸ ਨੂੰ ਵਿਸਥਾਰ ਨਾਲ ਦੱਸਣਾ ਚਾਹਾਂਗਾ

ਮਿਜ਼ੋਰਮ 'ਚ ਕਾਂਗਰਸ ਦੀ ਕਰਾਰੀ ਹਾਰ ਹੋਈ ਅਤੇ ਤੇਲੰਗਾਨਾ 'ਚ ਵੀ ਉਸ ਨੂੰ ਸ਼ਰਮਿੰਦਾ ਹੋਣਾ ਪਿਆ, ਫਿਰ ਵੀ ਛੱਤੀਸਗੜ੍ਹ, ਮੱਧ ਪ੍ਰਦੇਸ਼ ਅਤੇ ਰਾਜਸਥਾਨ 'ਚ ਕਾਂਗਰਸ ਪਾਰਟੀ ਦੇ ਮੁੜ ਸੁਰਜੀਤ ਹੋਣ ਦਾ ਬਹੁਤਾ ਸਿਹਰਾ ਰਾਹੁਲ ਗਾਂਧੀ ਨੂੰ ਜਾਂਦਾ ਹੈ। ਯਕੀਨੀ ਤੌਰ 'ਤੇ ਉਨ੍ਹਾਂ ਨੂੰ ਇਹ ਸਿਹਰਾ ਮੱਧ ਪ੍ਰਦੇਸ਼ ਵਿੱਚ ਕਮਲਨਾਥ ਤੇ ਜਯੋਤਿਰਦਿਤਿਆ ਸਿੰਧੀਆ ਜਾਂ ਰਾਜਸਥਾਨ ਵਿੱਚ ਅਸ਼ੋਕ ਗਹਿਲੋਤ ਤੇ ਸਚਿਨ ਪਾਇਲਟ ਜਾਂ ਛੱਤੀਸਗੜ੍ਹ 'ਚ ਭੂਪੇਸ਼ ਬਘੇਲ ਅਤੇ ਟੀ ਐਸ ਸਿੰਹਦੇਵ ਨਾਲ ਸਾਂਝਾ ਕਰਨਾ ਪਵੇਗਾ, ਪਰ ਤੁਸੀਂ ਰਾਹੁਲ ਦੀ ਕੇਂਦਰੀ ਭੂਮਿਕਾ ਦੀ ਮਹੱਤਤਾ ਤੋਂ ਇਨਕਾਰ ਨਹੀਂ ਕਰ ਸਕਦੇ। ਜੇ ਕਾਂਗਰਸ ਹਾਰ ਜਾਂਦੀ ਤਾਂ ਉਸ ਦਾ ਦੋਸ਼ ਵੀ ਰਾਹੁਲ 'ਤੇ ਆਉਣਾ ਸੀ। ਇਸ ਲਈ ਜਿੱਤ ਦਾ ਸਿਹਰਾ ਵੀ ਉਨ੍ਹਾਂ ਨੂੰ ਜਾਣਾ ਚਾਹੀਦਾ ਹੈ। ਰਾਹੁਲ ਗਾਂਧੀ ਦੀ ਪ੍ਰਚਾਰ ਮੁਹਿੰਮ ਵਿੱਚ ਤਿੰਨ ਗੱਲਾਂ ਸਾਹਮਣੇ ਆਉਂਦੀਆਂ ਹਨ, ਜਿਨ੍ਹਾਂ 'ਚੋਂ ਪਹਿਲੀ ਹੈ ਉਨ੍ਹਾਂ ਦੀ ਲਗਨ।

ਅਕਤੂਬਰ ਤੋਂ ਲੈ ਕੇ ਉਨ੍ਹਾਂ ਨੇ ਇਨ੍ਹਾਂ ਪੰਜਾਂ ਰਾਜਾਂ ਵਿੱਚ 82 ਰੈਲੀਆਂ ਨੂੰ ਸੰਬੋਧਨ ਕੀਤਾ ਅਤੇ ਇਸ ਦੇ ਮੁਕਾ-ਬਲੇ ਨਰਿੰਦਰ ਮੋਦੀ ਨੇ 31 ਰੈਲੀਆਂ ਨੂੰ ਸੰਬੋਧਨ ਕੀਤਾ। ਰਾਹੁਲ ਗਾਂਧੀ ਨੇ ਮੱਧ ਪ੍ਰਦੇਸ਼ ਤੇ ਛੱਤੀਸਗੜ੍ਹ 'ਚ ਰੋਡ ਸ਼ੋਅ ਕੀਤੇ ਤਾਂ ਮਿਜ਼ੋਰਮ ਵਿੱਚ ਜਨ-ਸਭਾਵਾਂ ਵੀ ਕੀਤੀਆਂ। ਇਸ ਨਾਲ ਉਨ੍ਹਾਂ ਦਾ ਅਪ੍ਰਪੱਕ ਜਾਂ ਥੋੜ੍ਹ ਚਿਰੇ ਸਿਆਸਤਦਾਨ ਵਾਲਾ ਅਕਸ ਮਿਟ ਗਿਆ। ਰਾਹੁਲ ਗਾਂਧੀ ਦੀ ਪ੍ਰਚਾਰ ਮੁਹਿੰਮ ਦਾ ਦੂਜਾ ਬਿੰਦੂ ਪ੍ਰਧਾਨ ਮੰਤਰੀ ਅਤੇ ਭਾਜਪਾ ਦੀ ਅਗਵਾਈ ਵਾਲੀ ਕੇਂਦਰ ਸਰਕਾਰ 'ਤੇ ਉਨ੍ਹਾਂ ਦੇ ਹਮਲੇ ਦਾ ਤਿੱਖਾਪਣ ਸੀ। ਚੌਕੀਦਾਰ ਨੂੰ 'ਚੋਰ' ਕਹਿਣਾ ਸਿਰਫ ਇੱਕ ਗੱਲ ਸੀ ਅਤੇ ਕਿਸੇ ਨੂੰ ਇਹ ਚੰਗੀ ਨਹੀਂ ਵੀ ਲੱਗੀ ਤਾਂ ਤੁਸੀਂ ਇਸ ਗੱਲ ਤੋਂ ਇਨਕਾਰ ਨਹੀਂ ਕਰ ਸਕਦੇ ਕਿ ਇਹ ਗੱਲ ਆਪਣਾ ਕੰਮ ਕਰ ਗਈ।

ਜਿਸ ਚੀਜ਼ ਨੇ ਤਾਰਾਂ ਨੂੰ ਡੂੰਘਾਈ ਤੋਂ ਛੇੜਿਆ, ਉਹ ਸੀ ਰਾਹੁਲ ਗਾਂਧੀ ਦਾ ਨੋਟਬੰਦੀ, ਜੀ ਐੱਸ ਟੀ, ਬੇਰੋਜ਼ਗਾਰੀ, ਦਿਹਾਤੀ ਖੇਤਰਾਂ ਵਿੱਚ ਨਿਰਾਸ਼ਾ ਅਤੇ ਰਾਫੇਲ ਮੁੱਦੇ 'ਤੇ ਜ਼ੋਰ ਦੇਣਾ। ਇਨ੍ਹਾਂ ਵਿਸ਼ਿਆਂ ਨੂੰ ਤਿਆਰ 'ਤੇ ਪ੍ਰਤੀਕਿਰਿਆਸ਼ੀਲ ਸਰੋਤੇ ਮਿਲ ਗਏ। ਰਾਹੁਲ ਗਾਂਧੀ ਦੀ ਪ੍ਰਚਾਰ ਮੁਹਿੰਮ ਦਾ ਇਹ ਤੀਜਾ ਤੱਤ ਸੀ, ਜੋ ਸੁਝਾਉਂਦਾ ਹੈ ਕਿ ਉਹ ਸਮਝਦੇ ਸਨ ਕਿ ਭਾਜਪਾ ਦਾ ਵਿਰੋਧੀ ਹੋਣ ਨਾਲ ਨਤੀਜੇ ਮਿਲਣਗੇ, ਨਾ ਕਿ ਕਾਂਗਰਸ ਦੇ ਪੱਖ ਵਿੱਚ ਪ੍ਰਚਾਰ ਕਰਨ ਨਾਲ।

ਕਿਸਾਨਾਂ ਦੇ ਖੇਤੀ ਕਰਜ਼ੇ ਮੁਆਫ ਕਰਨ ਤੇ ਛੱਤੀਸਗੜ੍ਹ ਵਿੱਚ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ ਵਿੱਚ ਜ਼ਿਕਰ ਯੋਗ ਵਾਧਾ ਕਰਨ ਦੇ ਉਨ੍ਹਾਂ ਦੇ ਵਾਅਦੇ ਨੇ ਬਿਨਾਂ ਸ਼ੱਕ ਲੱਖਾਂ ਕਿਸਾਨਾਂ ਨੂੰ ਕਾਂਗਰਸ ਦੇ ਪੱਖ ਵਿੱਚ ਵੋਟ ਪਾਉਣ ਲਈ ਪ੍ਰੇਰਿਤ ਕੀਤਾ। ਰਾਹੁਲ ਉਹੀ ਤਜਵੀਜ਼ ਰੱਖ ਰਹੇ ਸਨ, ਜਿਸ ਦੀ ਲੋਕ ਆਸ ਕਰਦੇ ਸਨ। ਉਹ ਕਹਿਣਾ ਸਹੀ ਹੋਵੇਗਾ ਕਿ ਉਨ੍ਹਾਂ ਨੇ ਹਾਂ-ਪੱਖੀ ਤੌਰ 'ਤੇ ਵੋਟਰਾਂ ਨੂੰ ਆਕਰਸ਼ਿਤ ਕੀਤਾ। ਇਸ ਦੀ ਥਾਂ ਕਿ ਉਹ ਕੀ ਚਾਹੁੰਦੇ ਹਨ, ਲੋਕਾਂ ਨੇ ਆਪਣੀ ਲੋੜ ਲਈ ਉਨ੍ਹਾਂ ਨੂੰ ਵੋਟ ਦਿੱਤੀ। ਰਾਹੁਲ ਗਾਂਧੀ ਦੇ ਨਰਮ ਹਿੰਦੂਤਵ ਨਾਲ ਮੰਦਰਾਂ ਵਿੱਚ ਜਾਣ ਬਾਰੇ ਅਸੀਂ ਕੀ ਕਹਿ ਸਕਦੇ ਹਾਂ? ਕੀ ਇਸ ਨਾਲ ਉਨ੍ਹਾਂ ਚਿੰਤਾਵਾਂ ਦਾ ਹੱਲ ਹੋ ਗਿਆ ਕਿ ਕਾਂਗਰਸ ਮੁਸਲਿਮ ਸਮਰਥਕ ਜਾਂ ਹਿੰਦੂ ਵਿਰੋਧੀ ਹੈ? ਕੀ ਉਨ੍ਹਾਂ ਨੇ ਬਹੁਤ ਸਾਰੇ ਲੋਕਾਂ ਦੀ ਉਸ ਝਿਜਕ ਨੂੰ ਖਤਮ ਕਰ ਦਿੱਤਾ, ਜੋ ਉਹ ਕਾਂਗਰਸ ਨੂੰ ਵੋਟ ਦੇਣ ਵਿੱਚ ਮਹਿਸੂਸ ਕਰਦੇ ਸਨ?

ਜੇ ਕੋਈ ਇਸ ਬਾਰੇ ਯਕੀਨੀ ਤੌਰ 'ਤੇ ਨਹੀਂ ਵੀ ਕਹਿ ਸਕਦਾ, ਇਨ੍ਹਾਂ ਦੌਰਿਆਂ ਨੇ ਕਾਂਗਰਸ ਦੀਆਂ ਸੰਭਾਵਨਾਵਾਂ ਨੂੰ ਕੋਈ ਨੁਕਸਾਨ ਨਹੀਂ ਪਹੁੰਚਾਇਆ ਤੇ ਨਾ ਅਜਿਹਾ ਨਜ਼ਰ ਆਇਆ ਕਿ ਰਾਹੁਲ ਨੇ ਘੱਟ ਗਿਣਤੀ ਵੋਟਰਾਂ ਨੂੰ ਪਾਰਟੀ ਤੋਂ ਦੂਰ ਕਰ ਦਿੱਤਾ ਹੈ। ਇਸ ਲਈ ਨਰਮ ਹਿੰਦੂਤਵ ਜਾਰੀ ਰਹੇਗਾ। ਫਿਰ ਵੀ ਇੱਕ ਹੋਰ ਚੀਜ਼ ਸੱਚ ਹੈ ਕਿ ਭਾਜਪਾ ਤੇ ਸੰਘ ਪਰਵਾਰ ਦਾ ਰਾਮ ਮੰਦਰ ਦੀ ਤੁਰੰਤ ਉਸਾਰੀ ਕਰਵਾਉਣ ਉੱਤੇ ਜ਼ੋਰ ਸਪੱਸ਼ਟ ਤੌਰ 'ਤੇ ਸਿਆਸੀ ਲਾਭ ਨਹੀਂ ਦੇ ਸਕਿਆ। ਇਸ ਨੇ ਹਿੰਦੀ ਪੱਟੀ ਵਾਲੇ ਵੋਟਰਾਂ ਨੂੰ ਭਾਜਪਾ ਨੂੰ ਵੋਟ ਦੇਣ ਲਈ ਪ੍ਰੇਰਿਤ ਨਹੀਂ ਕੀਤਾ।

ਸੱਚ ਇਹ ਹੈ ਕਿ ਬਹੁਤੇ ਹਿੰਦੂ ਰਾਮ ਮੰਦਰ ਦਾ ਸਵਾਗਤ ਕਰਨਗੇ, ਪਰ ਛੱਤੀਸਗੜ੍ਹ, ਮੱਧ ਪ੍ਰਦੇਸ਼ ਤੇ ਰਾਜਸਥਾਨ 'ਚ ਉਨ੍ਹਾਂ ਨੇ ਇਸ ਨੂੰ ਆਪਣੇ ਦਿਮਾਗ ਵਿੱਚ ਰੱਖ ਕੇ ਵੋਟ ਨਹੀਂ ਦਿੱਤੀ, ਉਨ੍ਹਾਂ ਨੂੰ ਹੋਰ ਬੁਨਿਆਦੀ ਮੁੱਦਿਆਂ ਨੇ ਪ੍ਰੇਰਿਤ ਕੀਤਾ। ਹਾਂ, ਪਰਟੀ ਬਿਲਕੁਲ ਸਹੀ ਹੈ ਅਤੇ ਇਹ ਕਹਿਣ ਦਾ ਸਮਾਂ ਹੈ ਕਿ "ਬਾਏ ਬਾਏ ਪੱਪੂ ਅਤੇ ਹੈਲੋ, ਰਾਹੁਲ ਗਾਂਧੀ।"

# ਮੋਬਾਈਲ ਦੀ ਕਸ਼ਮਕਸ਼

-ਸੁਖਮਿੰਦਰ ਸੇਖੋਂ

ਕਾਲੋਨੀ ਦੇ ਦੂਸਰੀ ਨੁੱਕਰੇ ਸਾਡੇ ਨੇੜਲੇ ਜਾਣਕਾਰ ਦੇ ਘਰ ਚੰਗਾ ਖਾਸਾ ਘਰੇਲੂ ਸਮਾਗਮ ਰਚਾਇਆ ਗਿਆ। ਮੈਂ ਤੇ ਮੇਰੀ ਪਤਨੀ ਹੋਰ ਪ੍ਰਾਹੁਣਿਆਂ ਵਾਂਗ ਕੁਰਸੀਆਂ 'ਤੇ ਬਿਰਾਜਮਾਨ ਸੀ। ਅਚਾਨਕ ਮੈਨੂੰ ਜਾਪਿਆ, ਜਿਵੇਂ ਮੇਰੇ ਪੈਰਾਂ ਨਾਲ ਕੋਈ ਸ਼ੈਅ ਟਕਰਾਈ ਹੋਵੇ। ਮੈਂ ਬਿਨਾਂ ਹੇਠਾਂ ਝਾਕੇ ਥੱਲੇ ਵੱਲ ਹੱਥ ਵਧਾਇਆ ਤਾਂ ਮੇਰਾ ਹੱਥ ਮੋਬਾਈਲ ਉਠਾ ਲਿਆਇਆ। 'ਹੈਂ! ਇਹ ਕਿਸ ਦਾ ਡਿੱਗਿਆ ਹੋਵੇਗਾ?' ਮੈਂ ਪਤਨੀ ਦੀਆਂ ਅੱਖਾਂ ਵਿੱਚ ਝਾਕਦਿਆਂ ਆਪਣੇ ਆਲੇ ਦੁਆਲੇ ਕੁਰਸੀਆਂ 'ਤੇ ਬੈਠੇ ਜਾਣੂ ਤੇ ਕੁਝ ਘੱਟ ਜਾਣੂਆਂ ਵੱਲ ਸਵਾਲੀਆਂ ਨਿਗਾਹਾਂ ਨਾਲ ਤੱਕਿਆ, ਪਰ ਕਿਸੇ ਨੇ ਵੀ ਮੋਬਾਈਲ ਲਈ ਹਾਮੀ ਨਾ ਭਰੀ। ਉਠ ਕੇ ਘਰ ਦੇ ਇਕ ਬੰਦੇ ਨੂੰ ਮਿਲਿਆ, ਉਸ ਤਾਕੀਦ ਕੀਤੀ, 'ਕੋਈ ਨ੍ਹੀਂ, ਅਸੀਂ ਅਨਾਊਂਸਮੈਂਟ ਕਰਵਾ ਦਿੰਨੇ ਆਂ, ਜਿਸ ਦਾ ਹੋਇਆ ਲੈ ਲਵੇਗਾ।' ਮਾਈਕ ਤੋਂ ਐਲਾਨੇ ਜਾਣ ਦੇ ਬਾਵਜੂਦ ਕੋਈ ਵੀ ਸ਼ਖਸ ਗੁਆਚਾ ਮੋਬਾਈਲ ਲੈਣ ਨਾ ਬਹੁੜਿਆ। ਉਨ੍ਹਾਂ ਨੇ ਮੈਨੂੰ ਉਹ ਮੋਬਾਈਲ ਆਪਣੇ ਕੋਲ ਰੱਖਣ ਦੀ ਤਾਕੀਦ ਕਰਦਿਆਂ ਕਿਹਾ, 'ਸਵੇਰੇ ਦੇਖਾਂਗੇ, ਤੁਸੀਂ ਨਾਲ ਲੈ ਜਾਵੋ। ਜਿਸ ਦਾ ਵੀ ਹੋਇਆ ਪਤਾ ਲੱਗਣ 'ਤੇ ਥੋਨੂੰ ਦੱਸ ਦਿਆਂਗੇ।'

ਸਮਾਗਮ ਤੋਂ ਆਉਂਦਿਆਂ ਡਾਢੀ ਰਾਤ ਹੋ ਗਈ। ਘਰ ਆ ਕੇ ਮੋਬਾਈਲ ਵਿੱਚ ਫੀਡ ਹੋਏ ਤਿੰਨ ਚਾਰ ਨੰਬਰ ਵੀ ਮਿਲਾਏ, ਪਰ ਕੋਈ ਹੁੰਗਾਰਾ ਨਾ ਮਿਲਿਆ। ਪਤਨੀ ਨੂੰ ਸੌਣ ਲਈ ਗੁਜ਼ਾਰਿਸ਼ ਕੀਤੀ.. 'ਸਵੇਰੇ ਦੇਖਾਂਗੇ, ਆਰਾਮ ਨਾਲ ਸੌਂ ਜਾਵੀਏ' ਪਰ ਪਤਨੀ ਅਜੇ ਵੀ ਨੰਬਰ ਮਿਲਾ ਰਹੀ ਸੀ। ਮੇਰੀ ਨੀਂਦ ਉਸ ਦੇ ਉਚੇ ਬੋਲਾਂ ਨਾਲ ਉਖੜ ਰਹੀ ਸੀ। ਅਖੀਰ ਇਕ ਨੰਬਰ ਅਜਿਹਾ ਮਿਲ ਗਿਆ ਕਿ ਬੋਲਣ ਵਾਲਾ ਹੀ ਮੋਬਾਈਲ ਦਾ ਮਾਲਕ ਨਿਕਲਿਆ। ਉਸ ਨੇ ਮੋਬਾਈਲ ਦੀ ਕੰਪਨੀ, ਮਾਡਲ ਆਦਿ ਦਾ ਪੂਰਾ ਵੇਰਵਾ ਹੀ ਦੱਸ ਦਿੱਤਾ। ਉਸ ਨੇ ਸਾਡੇ ਘਰ ਦਾ ਪਤਾ ਲੈ ਕੇ ਥੋੜ੍ਹੀ ਕੁ ਦੇਰ ਬਾਅਦ ਹੀ ਘੰਟੀ ਆਣ ਵਜਾਈ। ਉਹ ਕਿਸੇ ਆਮ ਜਿਹੇ ਕਾਰਖਾਨੇ ਵਿੱਚ ਮਜ਼ਦੂਰ ਸੀ ਤੇ ਉਸ ਦੀ ਪਤਨੀ ਸਮਾਗਮ ਵਾਲੇ ਘਰ ਬਰਤਨ, ਸਫਾਈ ਆਦਿ ਦਾ ਕੰਮ ਕਰਦੀ ਸੀ। ਉਸ ਨੇ ਦੱਸਿਆ ਕਿ ਉਹ ਉਥੇ ਬੱਸ ਕੁਝ ਖਾਣ ਪੀਣ ਲਈ ਹੀ ਆਇਆ ਸੀ। ਉਸ ਨੂੰ ਉਥੇ ਆਪਣਾ ਮੋਬਾਈਲ ਡਿੱਗਣ ਦੀ ਖਬਰ ਵੀ ਸਾਡੇ ਕੋਲੋਂ ਮਿਲੀ ਸੀ। ਉਸ ਵਿਚਾਰਗੀ ਜਿਹੀ ਨਾਲ ਮੋਬਾਈਲ ਫੜ ਕੇ ਆਪਣੀ ਪੈਂਟ ਦੀ ਜੇਬ ਵਿੱਚ ਪਾ ਲਿਆ ਅਤੇ ਸ਼ਾਹੀ ਅੰਦਾਜ਼ ਵਿੱਚ ਆਪਣੇ ਬਹੁਤ ਪੁਰਾਣੇ ਤੇ ਖਸਤਾਹਾਲ ਮੋਟਰ ਸਾਈਕਲ 'ਤੇ ਚੜ੍ਹ ਕੇ ਚਲਾ ਗਿਆ। ਧੰਨਵਦ ਦੇ ਦੋ ਸ਼ਬਦ ਕਹਿਣੇ ਵੀ ਉਸ ਨੂੰ ਸ਼ਾਇਦ ਯਾਦ ਨਹੀਂ ਸਨ ਰਹੇ।

ਸਾਨੂੰ ਇਸ ਗੱਲ ਦੀ ਤਸੱਲੀ ਸੀ ਕਿ ਜਿਸ ਦਾ ਮੋਬਾਈਲ ਸੀ, ਉਸ ਦੇ ਹੱਥਾਂ ਵਿੱਚ ਚਲਾ ਗਿਆ ਹੈ, ਮਨ 'ਤੇ ਕਿਸੇ ਕਿਸਮ ਦਾ ਬੋਝ ਨਹੀਂ ਸੀ। ਇਕ ਸਵੇਰ ਮੇਰੇ ਮੋਬਾਈਲ ਦੀ ਘੰਟੀ ਵੱਜੀ। ਮੇਰੇ 'ਹੈਲੋ' ਕਹਿਣ ਦੀ ਦੇਰ ਸੀ ਕਿ ਸਮਾਗਮ ਵਾਲੇ ਘਰੋਂ ਬਹੁਤ ਮੱਧਮ ਜਿਹੀ ਆਵਾਜ਼ ਆਈ, '..ਉਹ ਤੁਸੀਂ ਜਿਸ ਨੂੰ ਉਸ ਦਾ ਗੁਆਚਿਆ ਮੋਬਾਈਲ ਦਿੱਤਾ ਸੀ, ਉਹ ਅੱਜ ਸਵੇਰੇ ਕਾਰਖਾਨੇ ਜਾਂਦਿਆਂ..।' ਮੇਰੇ ਹੱਥੋਂ ਆਪਣਾ ਮੋਬਾਈਲ ਕੰਬਿਆ ਅਤੇ ਮੇਰੇ ਹੋਂਠ ਥਰਥਰਾਉਣ ਲੱਗੇ, ਕੰਨਾਂ ਨੂੰ ਅਗਾਂਹ ਸੁਣਨਾ ਜਿਵੇਂ ਬੰਦ ਹੋ ਗਿਆ ਹੋਵੇ।

ਦਰਅਸਲ ਜਦੋਂ ਸਵੇਰੇ ਉਹ ਬੰਦਾ ਆਪਣੇ ਮੋਟਰ ਸਾਈਕਲ 'ਤੇ ਸਵਾਰ ਹੋ ਕੇ ਕਾਰਖਾਨੇ ਜਾ ਰਿਹਾ ਸੀ ਤਾਂ ਉਹ ਟਰੱਕ ਦੀ ਲਪੇਟ ਵਿੱਚ ਆ ਗਿਆ ਅਤੇ ਥਾਂ 'ਤੇ ਉਸ ਦੀ ਮੌਤ ਹੋ ਗਈ। ਮੈਂ ਤੇ ਮੇਰੀ ਪਤਨੀ ਨੇ ਉਸ ਦੇ ਘਰ ਦਾ ਪਤਾ ਲੈ ਕੇ ਉਥੇ ਪਹੁੰਚ ਕੀਤੀ। ਉਨ੍ਹਾਂ ਕਿਸੇ ਖਾਲੀ ਪਲਾਟ ਵਿੱਚ ਆਰਜ਼ੀ ਜਿਹਾ ਘਰ ਬਣਾ ਕੇ ਬਸੇਰਾ ਕੀਤਾ ਹੋਇਆ ਸੀ। ਪੰਜ ਛੇ ਬੰਦੇ ਉਥੇ ਪਹਿਲਾਂ ਮੌਜੂਦ ਸਨ। ਉਸ ਦੀ ਪਤਨੀ ਦਾ ਰੋਣ ਦੇਖਿਆ ਨਹੀਂ ਸੀ ਜਾਂਦਾ, ਇੰਝ ਜਾਪਦਾ ਸੀ ਕਿ ਉਹ ਪਤਲੀ ਤੇ ਕਮਜ਼ੋਰ ਜਿਹੀ ਔਰਤ ਜੇ ਹੋਰ ਰੋਂਦੀ ਕੁਰਲਾਂਦੀ ਰਹੀ ਤਾਂ ਬੇਹੋਸ਼ ਹੋ ਜਾਵੇਗੀ। ਉਨ੍ਹਾਂ ਦੇ ਦੋ ਬੱਚੇ ਘਰ ਵਿੱਚ ਪਏ ਪਿੱਟ ਸਿਆਪੇ ਨਾਲ ਡਰੇ, ਸਹਿਮੇ ਬੈਠੇ ਹੋਏ ਸਨ।

'..ਇਹ ਬਚਾਰੀ ਕੱਲੀ ਰਹਿਗੀ, ਬੱਚਿਆਂ ਦਾ ਕੀ ਬਣੂ, ਇਕੋ ਇਕ ਸਹਾਰਾ ਸੀ..।' ਉਥੇ ਬੈਠੀ ਅੱਧਖੜ ਔਰਤ ਬੋਲੀ, 'ਮੋਟਰ ਸੈਕਲ ਵੀ ਤਾਂ ਬੌਂਤ ਤੇਜ ਭਜੌਂਦਾ ਸੀ।' ਫਿਰ ਕਿਸੇ ਜਾਣਕਾਰ ਨੇ ਆਪਣੀ ਸਿਆਣਪ ਜ਼ਾਹਿਰ ਕੀਤੀ, 'ਨਹੀਂ ਜੀ, ਇਹ ਤਾਂ ਮੋਬਾਈਲ ਨੇ ਉਸ ਦੀ ਜਾਨ ਲਈ ਐ, ਮੋਟਰ ਸੈਕਲ ਚਲੌਂਦੇ-ਚਲੌਂਦੇ ਕੰਨ ਨੂੰ ਲਾ ਕੇ ਸੁਣ ਰਿਹਾ ਸੀ, ਇਹ ਅੱਗ ਲੌਣਾ ਮੋਬਾਈਲ ਵੀ..।'

ਮੇਰੀ ਪਤਨੀ ਮੇਰੇ ਵੱਲ ਉਦਾਸ ਅੱਖਾਂ ਨਾਲ ਝਾਕੀ ਤੇ ਮੈਂ ਵੀ ਇਹ ਸੁਣ ਕੇ ਸੋਗਮਈ ਹੋ ਗਿਆ। ਮੇਰੇ ਹੱਥ ਮੇਰੀ ਜੇਬ ਵਿੱਚ ਚੰਦ ਦਮੜਿਆਂ ਦੀ ਭਾਲ ਕਰਨ ਲੱਗੇ। ਇੰਨੇ ਵਿੱਚ ਮੇਰੀ ਪਤਨੀ ਮ੍ਰਿਤਕ ਦੀ ਹਾਲ ਦੁਹਾਈ ਮਚਾ ਰਹੀ ਪਤਨੀ ਕੋਲ ਜਾ ਬੈਠੀ ਤੇ ਆਪਣੇ ਬੋਲਾਂ ਨਾਲ ਉਸ ਨੂੰ ਧਰਵਾਸਾ ਦੇਣ ਲੱਗੀ। ਮੈਂ ਤਾਂ ਅਜੇ ਕਸ਼ਮਕਸ਼ ਵਿੱਚੋਂ ਹੀ ਨਹੀਂ ਸੀ ਨਿਕਲ ਰਿਹਾ, ਇਸ ਸ਼ਖਸ਼ ਦੀ ਮੌਤ ਦਾ ਕਾਰਨ ਉਸ ਦਾ ਤੇਜ਼ ਮੋਟਰ ਸਾਈਕਲ ਚਲਾਉਣਾ ਸੀ, ਲਪੇਟ ਵਿੱਚ ਲੈਣ ਵਾਲਾ ਟਰੱਕ ਡਰਾਈਵਰ ਜਾਂ ਫਿਰ ..ਮੋਬਾਈਲ?

# ਨੋਟਬੰਦੀ ਦੇ ਉਹ ਦਿਨ..

-ਤਰਸੇਮ ਲੰਡੇ

ਉਦੋਂ ਅਸੀਂ ਅਜੇ ਜ਼ਮੀਨ ਦਾ ਸੌਦਾ ਕੀਤਾ ਹੀ ਸੀ, ਮੈਨੂੰ ਲੱਗਦਾ, ਇਸ ਦੀ ਕੁੱਲ ਬਣਦੀ ਰਕਮ ਸਾਡੀ ਹੈਸੀਅਤ ਤੋਂ ਵੱਧ ਸੀ, ਪਰ ਰਿਸ਼ਤੇਦਾਰਾਂ ਨੇ ਮਦਦ ਦਾ ਹੱਥ ਅੱਗੇ ਕੱਢ ਕੇ ਸਾਨੂੰ ਹੌਸਲਾ ਅਤੇ ਆਸਰਾ ਦਿੱਤਾ। ਜਦ ਪਿਤਾ ਜੀ ਫੌਜ ਵਿੱਚ ਸੇਵਾ ਨਿਭਾ ਰਹੇ ਸਨ ਤਾਂ ਦਾਦਾ ਜੀ ਤੇ ਤਾਇਆ ਜੀ ਖੇਤੀ ਧੰਦੇ ਵਿੱਚ ਰੁੱਝੇ ਰਹਿੰਦੇ ਸਨ। ਦਾਦੇ ਪੜਦਾਦੇ ਦੀ ਜੱਦੀ ਜ਼ਮੀਨ ਦੇ ਨਾਲ ਆਈ ਚਲਾਈ ਚੱਲਦੀ ਸੀ। ਤਾਇਆ ਜੀ ਨੇ ਜ਼ਮੀਨ ਦੇ ਸਾਰੇ ਹੀ ਸੌਦੇ ਆਪਣੇ ਜਿਗਰੇ ਨਾਲ ਕੀਤੇ ਸਨ। ਰਿਸ਼ਤੇਦਾਰਾਂ ਨੇ ਵੀ ਤਾਏ ਵੱਲੋਂ ਕਦੀ ਮੂੰਹ ਨਹੀਂ ਸੀ ਮੋੜਿਆ। ਰਿਸ਼ਤੇਦਾਰੀਆਂ ਲੋੜ ਪੈਣ 'ਤੇ ਜਾਂ ਭੀੜ ਪੈਣ 'ਤੇ ਤਾਂ ਹੀ ਪਰਖੀਆਂ ਜਾਂਦੀਆਂ ਹਨ। ਇਹ ਸੌਦਾ ਵੀ ਤਾਏ ਨੇ ਹੀ ਕਰਾਇਆ ਸੀ।

ਇਸ ਵਾਰ ਵੀ ਰਿਸ਼ਤੇਦਾਰਾਂ ਨੇ ਮੂੰਹ ਨਾ ਵੱਟਿਆ। ਅਸੀਂ ਜ਼ਮੀਨ ਦੀ ਰਜਿਸਟਰੀ ਕਰਾਉਣ ਲਈ ਘਰ ਵਿੱਚ ਸਾਰਾ ਪੈਸਾ ਇਕੱਠਾ ਕਰ ਲਿਆ ਸੀ। ਕੁਝ ਦਿਨ ਅਗਲਿਆਂ ਨੂੰ ਆਪਣੇ ਕੰਮਾਂ ਤੋਂ ਵਿਹਲ ਨਾ ਮਿਲੀ, ਜਿਸ ਕਰਕੇ ਰਜਿਸਟਰੀ ਕਰਵਾਉਣ ਤੋਂ ਖੁੰਝਦੇ ਰਹੇ। ਇਕ ਦਿਨ ਉਨ੍ਹਾਂ ਸੁਨੇਹਾ ਭੇਜ ਦਿੱਤਾ ਕਿ ਕੋਈ ਨਾ, ਬੱਸ ਪਰਸੋਂ ਰਜਿਸਟਰੀ ਕਰਾ ਲਵਾਂਗੇ, ਪਰ ਦਿਨ ਅਜੇ ਢਲਿਆ ਸੀ ਕਿ ਮੁਲਕ ਵਿੱਚੋਂ ਕਾਲਾ ਧਨ ਕੱਢਣ ਲਈ ਨੋਟਬੰਦੀ ਦਾ ਐਲਾਨ ਹੋ ਗਿਆ। ਖਬਰ ਸੁਣਦਿਆਂ ਸਾਰ ਸਾਡੇ ਰੰਗ ਉਡ ਗਏ। ਅਗਲਿਆਂ ਨੇ ਵੀ ਸੁਨੇਹਾ ਭੇਜ ਦਿੱਤਾ ਕਿ ਜੇ ਰਜਿਸਟਰੀ ਕਰਵਾਉਣੀ ਹੈ ਤਾਂ ਕਰਾ ਲਉ ਪਰ ਨੋਟ ਉਹ ਨਵੇਂ ਲੈਣਗੇ। ਇਹ ਸ਼ਰਤ ਸਾਡੇ ਲਈ ਵਸੋਂ ਬਾਹਰ ਸੀ। ਅਗਲੇ ਵੀ ਆਪਣੀ ਥਾਂ 'ਤੇ ਠੀਕ ਸਨ।

ਘਰ ਪਈ ਸਾਰੀ ਰਕਮ ਬੈਂਕ ਵਿੱਚ ਜਮ੍ਹਾਂ ਕਰਾਉਣ ਦਾ ਉਂਜ ਹੀ ਡਰ ਸੀ, ਥਾਂ-ਥਾਂ ਤੋਂ ਪੈਸਾ ਇਕੱਠਾ ਕੀਤਾ ਸੀ। ਉਤੋਂ ਇਹ ਖਬਰ ਆ ਗਈ ਕਿ ਜੇ ਕੋਈ ਬੰਦਾ ਦੋ ਜਾਂ ਢਾਈ ਲੱਖ ਤੋਂ ਵੱਧ ਰਕਮ ਬੈਂਕ ਵਿੱਚ ਜਮ੍ਹਾਂ ਕਰਾਉਂਦਾ ਹੈ ਤਾਂ ਉਸ ਦੀ ਪੁੱਛ ਪੜਤਾਲ ਕੀਤੀ ਜਾਵੇਗੀ। ਇਕ ਦਿਨ ਫਿਕਰ ਕਰਦਿਆਂ ਪਿਤਾ ਜੀ ਕਹਿਣ ਲੱਗੇ, 'ਐਨਾ ਫਿਕਰ ਧੀ ਦੇ ਵਿਆਹ ਦਾ ਨਹੀਂ ਸੀ ਜਿੰਨਾ..।' ਬਾਕੀ ਇਕਰਾਰਨਾਮੇ ਦੀ ਤਰੀਕ ਵੀ ਲੰਘਦੀ ਜਾਂਦੀ ਸੀ। ਸਾਨੂੰ ਇਹ ਡਰ ਸੀ ਕਿ ਜੇ ਅਗਲਿਆਂ ਨੇ ਤਰੀਕ ਨਾ ਵਧਾਈ? ਬਿਆਨਾ ਉਨ੍ਹਾਂ ਵੱਲ ਵਾਹਵਾ ਜਾ ਚੁੱਕਾ ਸੀ। ਹਾਲ 'ਸੱਪ ਦੇ ਮੂੰਹ ਵਿੱਚ ਕੋਹੜ ਕਿਰਲੀ' ਵਾਲਾ ਸੀ। 'ਅੱਗੇ ਸੱਪ ਤੇ ਪਿੱਛੇ ਸ਼ਹਿ'। ਘਰ ਵਿੱਚ ਇਸ ਹਾਲਤ ਨਾਲ ਨਜਿੱਠਣ ਲਈ ਵਿਚਾਰ ਚਰਚਾ ਚੱਲਦੀ ਰਹਿੰਦੀ। ਰਿਸ਼ਤੇਦਾਰ ਵੀ ਹਮਦਰਦੀ ਪ੍ਰਗਟ ਕਰਦੇ ਰਹਿੰਦੇ।

ਆਖਰ ਕੁਝ ਸੱਜਣਾਂ ਮਿੱਤਰਾਂ ਦੇ ਸਹਿਯੋਗ ਨਾਲ ਘਰ ਪਿਆ ਪੈਸਾ ਬੈਂਕ ਵਿੱਚ ਜਮ੍ਹਾਂ ਕਰਵਾ ਦਿੱਤਾ ਗਿਆ ਤੇ ਸੁੱਖ ਦਾ ਸਾਹ ਆਇਆ। ਫਿਰ ਵਾਰੀ ਨਵੇਂ ਨੋਟ ਇਕੱਠੇ ਕਰਨ ਦੀ ਆਈ। ਕੜਾਕੇ ਦੀ ਠੰਢ ਦੇ ਦਿਨ ਸਨ। ਸਾਨੂੰ ਸਾਰਾ-ਸਾਰਾ ਦਿਨ ਬੈਂਕ ਸਾਹਮਣੇ ਕਤਾਰਾਂ ਵਿੱਚ ਖੜੇ ਰਹਿਣਾ ਪੈਂਦਾ। ਜੇ ਵਾਰੀ ਆਉਣੀ ਤਾਂ ਸਿਰਫ 2500 ਜਾਂ 4000 ਕੁ ਰੁਪਏ ਹੀ ਮਿਲਣੇ। ਇਸ ਨਾਲ ਘਰ ਦੀ ਆਈ ਚਲਾਈ ਹੁੰਦੀ ਸੀ। ਕਈ ਵਾਰ ਤਾਂ ਸਵੇਰੇ ਚਾਰ ਵਜੇ ਬੈਂਕ ਅੱਗੇ ਖੜ੍ਹੇ ਹੋ ਜਾਣਾ। ਅੰਤ ਸ਼ਾਮ ਨੂੰ ਬੇਰੰਗ ਘਰ ਪਰਤ ਆਉਣਾ। ਉਤੋਂ ਬੈਂਕ ਅੱਗੇ ਸਾਰਾ ਦਿਨ ਲੜਾਈ ਵਾਲਾ ਮਾਹੌਲ ਬਣਿਆ ਰਹਿਣਾ। ਕਈ ਵਾਰ ਕਿਸੇ ਕੁੰਢੀਆਂ ਮੁੱਛਾਂ ਵਾਲੇ ਤੇ ਪੋਚਵੀਂ ਪੱਗ ਵਾਲੇ ਭਾਈ ਨੇ ਸਿੱਧਾ ਬੈਂਕ ਅੰਦਰ ਧੱਸ ਜਾਣਾ ਤਾਂ ਬੜਾ ਹੀ ਗੁੱਸਾ ਆਉਣਾ। ਕਈਆਂ ਦੀ ਭੁੱਬ ਨਿਕਲ ਜਾਣੀ। ਕਈਆਂ ਦੇ ਚਿਹਰੇ ਦਾ ਫਿੱਕਾ ਪਿਆ ਰੰਗ ਉਨ੍ਹਾਂ ਦੀ ਅਤੇ ਉਨ੍ਹਾਂ ਦੇ ਘਰ ਦੀ ਦਾਸਤਾਨ ਦਰਸਾਉਂਦਾ ਸੀ। ਕਿਸੇ ਨੇ ਕਹਿਣਾ, ਕਿਸ਼ਤ ਉਤਾਰਨ ਵਾਲੀ ਪਈ ਹੈ, ਆੜ੍ਹਤੀਏ ਤੋੜ-ਤੋੜ ਖਾਂਦੇ ਨੇ। ਕਿਸੇ ਦੀ ਧੀ ਦਾ ਵਿਆਹ ਸਿਰ 'ਤੇ ਸੀ। ਕਿਸੇ ਨੂੰ ਲੈਣ ਵਾਲਾ ਤੰਗ ਕਰ ਰਿਹਾ ਹੁੰਦਾ ਅਤੇ ਕਿਸੇ ਦੇ ਘਰ ਦੇ ਠੰਢੇ ਪਏ ਚੁੱਲ੍ਹੇ। ਅੱਡ-ਅੱਡ ਦੇਣਦਾਰੀਆਂ ਸਵੇਰ ਤੋਂ ਹੀ ਸਭ ਦੇ ਦਿਲਾਂ ਵਿੱਚ ਭਾਂਬੜ ਬਾਲ ਦਿੰਦੀਆਂ। ਕਬੀਲਦਾਰਾਂ ਜਾਂ ਹੇਠਲੇ ਵਰਗ ਨੂੰ ਰਜਾਈ ਵਿੱਚ ਮੂੰਹ ਦਿੱਤਿਆਂ ਕਿੱਥੇ ਨੀਂਦ ਆਉਂਦੀ ਸੀ? 24 ਘੰਟੇ ਝੋਰਾ ਵੱਢ-ਵੱਢ ਖਾਂਦਾ ਸੀ।

ਮਸਲਾ ਹੱਲ ਨਾ ਹੁੰਦਿਆਂ ਦੇਖ ਕੇ ਅਸੀਂ ਅਗਲਿਆਂ ਤੋਂ ਕੁਝ ਦਿਨ ਮੋਹਲਤ ਮੰਗੀ। ਆਖਰ ਥੋੜ੍ਹੀ ਬਹੁਤੀ ਨਕਦੀ ਜੋੜ ਲਈ ਸੀ। ਬਾਕੀ ਰਕਮ ਉਨ੍ਹਾਂ ਚੈਕ ਰਾਹੀਂ ਲੈਣੀ ਮੰਨ ਲਈ। ਫਿਰ ਵੀ ਇੰਨੇ ਨਾਲ ਰਕਮ ਪੂਰੀ ਨਹੀਂ ਸੀ ਹੋਣੀ। ਉਨ੍ਹਾਂ ਨੇ ਆਪਣਾ ਲੈਣ ਦੇਣ ਉਤਾਰ ਕੇ ਬਾਕੀ ਰਕਮ ਦੀ ਜ਼ਮੀਨ ਗਹਿਣੇ ਲੈਣੀ ਸੀ। ਆਖਰ ਅਗਲਿਆਂ ਕੋਲ ਹੀ ਦੋ ਸਾਲ ਜ਼ਮੀਨ ਗਿਰਵੀ ਰੱਖਣੀ ਪਈ। ਇਸ ਨਾਲ ਢਾਈ ਤਿੰਨ ਲੱਖ ਰੁਪਏ ਦਾ ਸਿੱਧਾ ਘਾਟਾ ਪਿਆ, ਪਰ ਤਣਾਅ ਮੁਕਤ ਹੋਣ ਲਈ ਹੋਰ ਕੋਈ ਰਾਹ ਨਹੀਂ ਸੀ।

ਮੇਰੇ ਇਕ ਦੋਸਤ ਦਾ ਵਿਆਹ ਨੋਟਬੰਦੀ ਦੇ ਦਿਨਾਂ ਦੌਰਾਨ ਹੋਇਆ ਸੀ। ਇਕ ਦਿਨ ਕਹਿਣ ਲੱਗਾ, 'ਆਪਣੇ ਵਿਆਹ ਅਤੇ ਨੋਟਬੰਦੀ ਦੀ ਵਰ੍ਹੇਗੰਢ ਕਦੀ ਨਹੀਂ ਭੁੱਲ ਸਕਦਾ।' ਇਹ ਸ਼ਬਦ ਸੱਚ ਹਨ, ਨੋਟਬੰਦੀ ਦੇ ਜ਼ਖਮ ਅਜੇ ਤੱਕ ਰਿਸ ਰਹੇ ਹਨ ਅਤੇ ਮੁਲਕ ਦੇ ਧਨਾਢ ਨੋਟਬੰਦੀ ਉਪਰ ਅੱਜ ਵੀ ਹੱਸ ਰਹੇ ਹਨ।

Dr. Randhawa Dentistry
Your own dentist who really cares for you
We Provide the following Services:
- Dental Crowns, Veneers & Bridges
- Dental Fillings & Gum Treatment
- Root Canal (RCT), Dentures, Extraction
- Kids Dentistry
- Wisdom Tooth Surgery
- Invisalign (Invisible Braces)
- Digital X-Rays System
- Teeth Cleaning & Whitening
- Cosmetic Dental Treatment
- ਸੀਨੀਅਰ ਡਿਸਕਾਊਂਟ
- ਅਸੀਂ ਤੁਹਾਡੀ ਭਾਸ਼ਾ ਬੋਲਦੇ ਹਾਂ
- ਐਮਰਜੈਂਸੀ ਅਤੇ ਵਾਕ ਇਨ ਸੇਵਾਵਾਂ
Dr. Samreet Kaur Randhawa
General Family Dentist
New Patients welcome
Deal Directly with all Insurance Companies
NEW LOCATION
10 SQUIRE ELLIS DR, UNIT 5-6
BRAMPTON, ON L6P 4K6
(MAJOR INTERSECTION: GORE RD/MAYFIELD)
Tel :905-794-5111
Mayfield Rd / Mcvean Dr / Gore Rd / Countryside Dr / Squire Ellis Dr / DENTISTRY
INVISALIGN & BRACES INCLUDING CLEAR BRACES
Invisible Braces ਜਿਹੜੀਆਂ ਕਿ ਦੂਰੋਂ ਨਜਰ ਨਹੀਂ ਆਉਂਦੀਆਂ
Show Your Smile More With Invisible Braces!
FIRST LOCATION
DENTISTRY @ BONNIE BRAES
50 CHESTERWOOD CRES, UNIT 2
BRAMPTON, ON L6Y 0Z4
(OPP. CHRUCHVILLE PUBLIC SCHOOL, JAMES POTTER / BONNIE BRAES INTERSECTION)
Tel : 905-230-9044

PLATINUM MORTGAGES
FOR ALL MORTGAGE NEEDS
QUICK MORTGAGE ARRANGEMENT
2ND MORTGAGE
- NO CREDIT CHECK
- NO APPLICATION FEE
- NO JOB INCOME VERIFICATION
- NO PROBLEM
1ST MORTGAGE Starting from 2.59 % OAC
SPECIAL RATES FOR REFINANCING
Professional & Quality Service Guaranteed
Kanwaljit S. Dhunna
Mortgage broker
416.301.1976
Email: kdhunna62@gmail.com
- 1st & 2nd Mortgages
- Refinancing & Renewal
- Line of Credit
- Debt Consolidation
- Self Employed
- Truck Loan
- Equipment Leasing
- Bad Credit
5 CHERRYCREST DR. #206 BRAMPTON L6P 3W4

# ਐਨ ਆਰ ਆਈ ਪਤੀਆਂ ਹੱਥੋਂ ਪੀੜਤ ਪੰਜਾਬਣਾਂ ਦੀ ਗਿਣਤੀ 32 ਹਜ਼ਾਰ ਨੂੰ ਟੱਪੀ

ਲੁਧਿਆਣਾ, 17 ਦਸੰਬਰ (ਪੋਸਟ ਬਿਊਰੋ)- ਇਹੋ ਜਿਹੀਆਂ 32 ਹਜ਼ਾਰ ਤੋਂ ਵੱਧ ਔਰਤਾਂ ਪੰਜਾਬ ਵਿੱਚ ਹਨ, ਜੋ ਧੋਖੇਬਾਜ਼ ਐੱਨ ਆਰ ਆਈ ਪਤੀਆਂ ਤੋਂ ਪੀੜਤ ਹਨ। ਇਸ ਹਾਲਤ ਤੋਂ ਪ੍ਰੇਸ਼ਾਨ ਹੋ ਕੇ ਲੁਧਿਆਣਾ ਦੀ ਸਤਵਿੰਦਰ ਕੌਰ ਨੇ ਦੋ ਸਾਲ ਪਹਿਲਾਂ ਇਹੋ ਜਿਹੀਆਂ ਔਰਤਾਂ ਬਾਰੇ ਅਬੰਡਨਡ ਬਰਾਈਡਸ ਬਾਈ ਐੱਨ ਆਰ ਆਈ ਹਸਬੈਂਡਸ ਇੰਟਰਨੈਸ਼ਨਲੀ (ਏ ਬੀ ਬੀ ਐੱਨ ਐੱਚ ਆਈ) ਮਤਲਬ 'ਅਬ ਨਹੀਂ' ਸੰਸਥਾ ਬਣਾ ਕੇ ਧੋਖੇਬਾਜ਼ ਪਤੀਆਂ ਵਿਰੁੱਧ ਸੰਘਰਸ਼ ਸ਼ੁਰੂ ਕੀਤਾ। ਇਸ ਸੰਸਥਾ ਨਾਲ 350 ਔਰਤਾਂ ਜੁੜ ਕੇ ਇਨਸਾਫ ਲਈ ਲੜ ਰਹੀਆਂ ਹਨ, ਜਿਸ ਨਾਲ ਸੰਸਥਾ 100 ਦੇ ਲਗਭਗ ਧੋਖੇਬਾਜ਼ ਪਤੀਆਂ ਦੇ ਪਾਸਪੋਰਟ ਰੱਦ ਕਰਵਾ ਚੁੱਕੀ ਹੈ। ਹਾਲੇ ਤੱਕ ਸਰਕਾਰ ਇਨ੍ਹਾਂ ਔਰਤਾਂ ਦੇ ਪਤੀਆਂ ਨੂੰ ਵਿਦੇਸ਼ ਤੋਂ ਲਿਆਉਣ ਵਿੱਚ ਨਾਕਾਮ ਹੈ। ਸੰਸਥਾ ਦੀਆਂ ਮੈਂਬਰ ਔਰਤ ਬੀਤੇ ਦਿਨੀਂ ਆਮ ਆਦਮੀ ਪਾਰਟੀ ਦੇ ਪਾਰਲੀਮੈਂਟ ਮੈਂਬਰ ਭਗਵੰਤ ਮਾਨ ਨੂੰ ਮਿਲੀਆਂ ਅਤੇ ਮੰਗ ਕੀਤੀ ਕਿ



ਸਰਕਾਰ ਉਨ੍ਹਾਂ ਦੇ ਪਤੀਆਂ ਨੂੰ ਵਾਪਸ ਸੱਦਣ ਦਾ ਛੇਤੀ ਕਾਨੂੰਨ ਬਣਾਏ।

ਲੁਧਿਆਣਾ ਦੀ ਸਤਵਿੰਦਰ ਕੌਰ ਨੇ ਦੱਸਿਆ ਕਿ ਨੌਂ ਸਾਲ ਪਹਿਲਾਂ ਕਈ ਸੁਫਨੇ ਵਿਖਾ ਕੇ ਸਰਕਾਰੀ ਨੌਕਰੀ ਛੁਡਵਾ ਦਿੱਤੀ। ਫਿਰ ਵਿਆਹ ਕੀਤਾ ਤੇ ਵਿਦੇਸ਼ ਭੱਜ ਗਿਆ। ਜਾਇਦਾਦ ਬਚਾਉਣ ਲਈ ਸਹੁਰਿਆਂ ਨੇ ਆਪਣੇ ਪੁੱਤਰ ਨੂੰ ਬੇਦਖਲ ਕਰ ਦਿੱਤਾ ਤਾਂ ਕਿ ਉਸ ਉਤੇ ਕਾਰਵਾਈ ਨਹੀਂ ਹੋਵੇ। ਉਨ੍ਹਾਂ ਨੇ ਦੱਸਿਆ ਕਿ 'ਅਬ ਨਹੀਂ' ਸੰਸਥਾ ਬਣਾ ਕੇ ਪਤੀ ਨੂੰ ਵਾਪਸ ਲਿਆਉਣ ਲਈ ਸੰਗਰਸ਼ ਕਰ ਰਹੀ ਹਾਂ। ਫੁੱਲੂਵਾਲਾ ਡੋਡ ਦੀ ਬੀਰਪਾਲ ਕੌਰ ਦਾ ਵਿਆਹ ਸੱਤ ਸਾਲ ਪਹਿਲਾਂ ਇੰਗਲੈਂਡ ਦੇ ਪ੍ਰਿਤਪਾਲ ਸਿੰਘ ਨਾਲ ਹੋਇਆ ਸੀ। ਉਹ ਛੇ ਸਾਲ ਤੋਂ ਨਹੀਂ ਪਰਤਿਆ ਅਤੇ ਮੋਬਾਈਲ ਨੰਬਰ ਤੱਕ ਬਦਲ ਲਿਆ ਹੈ। ਸਰਕਾਰ ਵੱਲੋਂ ਕਿਸੇ ਵੀ ਤਰ੍ਹਾਂ ਦੀ ਮਦਦ ਨਹੀਂ ਮਿਲ ਰਹੀ। ਲੁਧਿਆਣਾ ਦੀ ਪਲਵਿੰਦਰ ਕੌਰ ਦਾ ਵਿਆਹ ਸ਼ਿੰਦਰ ਸਿੰਘ ਨਾਲ ਹੋਇਆ ਸੀ। ਭੈਣ ਦੇ ਵਿਆਹ ਦੇ ਦਿਨ ਵਿਦੇਸ਼ ਜਾਣ ਲਈ ਅੱਠ ਲੱਖ ਰੁਪਏ ਮੰਗੇ। ਨਾ ਦੇਣ ਉੱਤੇ ਵਿਆਹ ਛੱਡ ਕੇ ਭੱਜ ਗਿਆ। ਸਹੁਰੇ ਪਰਵਾਰ ਨੇ ਕੁੜੀ ਉੱਤੇ ਪਤੀ ਦੇ ਕਤਲ ਦਾ ਝੂਠਾ ਦੋਸ਼ ਲਾ ਦਿੱਤਾ, ਜਦੋਂ ਕਿ ਸ਼ਿੰਦਰ ਬਹਿਰੀਨ ਵਿੱਚ ਹੈ। ਕੋਰਟ ਕੇਸ ਕਰ ਕੇ ਪਤੀ ਦਾ ਪਾਸਪੋਰਟ ਰੱਦ ਕਰਵਾਉਣ ਉੱਤੇ ਵੀ ਸਰਕਾਰ ਉਸ ਨੂੰ ਵਾਪਸ ਨਹੀਂ ਲਿਆ ਸਕੀ।

# ਹੋਟਲ ਵਿੱਚ ਗੋਲੀ ਚੱਲਣ ਨਾਲ ਲੁਧਿਆਣਾ ਦੇ ਨੌਜਵਾਨ ਦੀ ਮੌਤ

ਮੋਹਾਲੀ, 17 ਦਸੰਬਰ (ਪੋਸਟ ਬਿਊਰੋ)- ਲੁਧਿਆਣਾ ਤੋਂ ਆਪਣੇ ਦੋਸਤਾਂ ਦੇ ਨਾਲ ਪੰਜਾਬੀ ਸਿੰਗਰ ਸਿੱਧੂ ਮੂਸੇਵਾਲਾ ਦੀ ਪ੍ਰਫਾਰਮੈਂਸ ਦੇਖਣ ਆਏ 35 ਸਾਲਾ ਨੌਜਵਾਨ ਸਰਬਜੀਤ ਗਰੇਵਾਲ ਉਰਫ ਸਰਵੀ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਉਸ ਨੂੰ ਫੇਜ਼-11 ਸਥਿਤ ਕਰਾਊਡ ਵੈਸਟ ਹੋਟਲ ਦੇ ਰੂਮ ਨੰਬਰ 105 ਵਿੱਚ ਉਸ ਸਮੇਂ ਗੋਲੀ ਲੱਗੀ ਜਦ ਉਹ ਦੋਸਤਾਂ ਦੇ ਨਾਲ ਖਾਣਾ ਖਾਣ ਪਿੱਛੋਂ ਕਮਰੇ ਵਿੱਚ ਮੋਬਾਈਲ 'ਤੇ ਮੂਸੇਵਾਲਾ ਦਾ ਹਥਿਆਰਾਂ ਨਾਲ ਜੁੜੇ ਗਾਣੇ ਨੂੰ ਲਾ ਕੇ ਡਾਂਸ ਕਰ ਰਿਹਾ ਸੀ। ਗੋਲੀ 32 ਬੋਰ ਦੀ ਪਿਸਤੌਲ 'ਚੋਂ ਚੱਲੀ ਸੀ। ਪਿਸਤੌਲ ਕਿਸ ਦੀ ਹੈ ਅਤੇ ਕਿਸ ਨੇ ਗੋਲੀ ਚਲਾਈ, ਅਜੇ ਸਾਫ ਨਹੀਂ ਹੋ ਸਕਿਆ। ਇਕਦਮ ਚੱਲੀ ਗੋਲੀ ਸਰਵੀ ਦੇ ਦੇ ਮੋਢੇ ਦੇ ਹੇਠਾਂ ਅੰਡਰ ਆਰਮ ਤੋਂ ਪਾਰ ਹੋ ਗਈ।

ਗੋਲੀ ਲੱਗਣ ਨਾਲ ਸਰਵੀ ਜਦੋਂ ਡਿੱਗ ਪਿਆ ਤਾਂ ਉਸ ਦੇ ਦੋਸਤਾਂ ਜਸਕੀਰਤ ਸਿੰਘ, ਰਵਿੰਦਰ ਸਿੰਘ, ਗੁਰਪਿਆਰ ਸਿੰਘ ਪਿੰਡ ਕੋਕਰੀ ਜ਼ਿਲ੍ਹਾ ਮੋਗਾ ਨੇ



ਸਰਬਜੀਤ ਦੀ ਫਾਇਲ ਫੋਟੋ।

ਹੋਟਲ ਮੈਨੇਜਰ ਪ੍ਰਵੀਨ ਕੁਮਾਰ ਤੇ ਹਾਊਸ ਕੀਪਰ ਅਮਿਤ ਕੁਮਾਰ ਨੂੰ ਉਸ ਦੇ ਬਾਰੇ ਦੱਸਿਆ। ਸਾਰਿਆਂ ਮਿਲ ਕੇ ਪਹਿਲਾਂ ਫਰਸ਼ ਅਤੇ ਦੀਵਾਰਾਂ 'ਤੇ ਖਿਲਰਿਆ ਖੂਨ ਸਾਫ ਕੀਤਾ ਅਤੇ ਫਿਰ ਦੋਸਤ ਸਰਵੀ ਨੂੰ ਚੁੱਕ ਕੇ ਪੀ ਜੀ ਆਈ ਲੈ ਗਏ। ਐਮਰਜੈਂਸੀ ਵਿੱਚ ਜਾਣ ਪਿੱਛੋਂ ਜਦ ਪਤਾ ਲੱਗਾ ਕਿ ਉਸ ਦੀ ਮੌਤ ਹੋ ਗਈ ਤਾਂ ਸਾਰੇ ਜਣੇ ਫਰਾਰ ਹੋ ਗਏ। ਐੱਸ ਐੱਚ ਓ ਗੁਰਪ੍ਰੀਤ ਸਿੰਘ ਬੈਂਸ ਨੇ ਦੱਸਿਆ ਕਿ ਸਰਵੀ ਦੇ ਦੋਸਤਾਂ ਦੇ ਇਲਾਵਾ ਪਿਸਤੌਲ ਮਾਲਕ ਜੋਧਾ ਅਤੇ ਕਰਾਊਨ ਵੈਸਟ ਹੋਟਲ ਦੇ ਮੈਨੇਜਰ ਪ੍ਰਵੀਨ ਕੁਮਾਰ ਅਤੇ ਹਾਊਸ ਕੀਪਰ ਅੰਬ ਕਲੋਨੀ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ। ਵਰਨਣ ਯੋਗ ਹੈ ਕਿ ਗਾਇਕ ਸਿੱਧੂ ਮੂਸੇਵਾਲਾ ਦੇ ਗਾਣਿਆਂ ਦਾ ਨੌਜਵਾਨਾਂ ਵਿੱਚ ਕਾਫੀ ਕਰੇਜ ਹੈ। ਖਾਸ ਕਰ ਕੇ ਹਥਿਆਰਾਂ ਬਾਰੇ ਉਨ੍ਹਾਂ ਦੇ ਗੀਤ ਨੌਜਵਾਨਾਂ ਨੂੰ ਬੇਹੱਦ ਆਕਰਸ਼ਿਤ ਕਰਦੇ ਹਨ।

ਜਿਸ ਪਿਸਤੌਲ 'ਚੋਂ ਗੋਲੀ ਚੱਲੀ ਉਹ ਲਾਇਸੈਂਸੀ ਹੈ ਅਤੇ ਕਿਸੇ ਜੋਧਾ ਨਾਂਅ ਦੇ ਸ਼ਖਸ ਦੇ ਨਾਂਅ 'ਤੇ ਹੈ। ਜਾਂਚ ਵਿੱਚ ਪਤਾ ਲੱਗਾ ਕਿ ਜੋਧਾ ਨਾਂਅ ਦਾ ਨੌਜਵਾਨ ਸਰਵੀ ਅਤੇ ਉਸ ਦੇ ਦੋਸਤਾਂ ਦਾ ਦੋਸਤ ਹੈ। ਮੂਸੇਵਾਲਾ ਦੇ ਪ੍ਰੋਗਰਾਮ ਵਿੱਚ ਧੌਂਸ ਜਮਾਉਣ ਲਈ ਉਹ 32 ਬੋਰ ਦਾ ਪਿਸਤੌਲ ਜੋਧਾ ਤੋਂ ਮੰਗ ਕੇ ਮੋਹਾਲੀ ਆਏ ਸਨ। ਰਾਤ ਨੂੰ ਖਾਣਾ ਖਾਣ ਦੇ ਬਾਅਦ ਉਹ ਸਾਰੇ ਕਮਰੇ ਵਿੱਚ ਚਲੇ ਗਏ। ਮੰਨਿਆ ਜਾ ਰਿਹਾ ਹੈ ਕਿ ਹੋਟਲ ਵਿੱਚ ਹੀ ਮੂਸੇਵਾਲਾ ਦੇ ਗੀਤਾਂ 'ਤੇ ਸਾਰੇ ਨੱਚ ਰਹੇ ਸਨ। ਇਸੇ ਦੌਰਾਨ ਪਿਸਤੌਲ 'ਚੋਂ ਗੋਲੀ ਚੱਲਣ ਨਾਲ ਸਰਬਜੀਤ ਦੀ ਮੌਤ ਹੋ ਗਈ।

# ਦਸਵੇਂ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਲੋਹੜੀ ਵਾਲੇ ਦਿਨ ਆਉਣ ਨਾਲ ਸਿੱਖ ਸੰਗਤ 'ਚ ਦੋਚਿੱਤੀ!

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਸਿੱਖੀ ਦੇ ਗੁਰਪੁਰਬਾਂ ਤੇ ਧਾਰਮਿਕ ਦਿਹਾੜਿਆਂ ਦੀਆਂ ਤਰੀਕਾਂ ਮਿਥਣ ਲਈ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਤੇ ਸ੍ਰੀ ਅਕਾਲ ਤਖਤ ਸਾਹਿਬ ਵੱਲੋਂ ਪਹਿਲਾਂ ਸਾਲ 1999 ਵਿੱਚ ਅਤੇ ਫਿਰ ਕੁਝ ਸੋਧਾਂ ਉਪਰੰਤ ਸਾਲ 2003 ਵਿੱਚ ਲਾਗੂ ਕੀਤੇ ਗਏ ਮੂਲ ਨਾਨਕਸ਼ਾਹੀ ਕੈਲੰਡਰ 'ਚ ਵਾਰ-ਵਾਰ ਸੋਧਾਂ ਕੀਤੇ ਜਾਣ ਤੇ ਅਖੀਰ ਇਸ ਦੀ ਥਾਂ ਬਿਕਰਮੀ ਕੈਲੰਡਰ ਨੂੰ ਹੀ ਅਪਣਾ ਲਏ ਜਾਣ ਕਾਰਨ ਕਈ ਗੁਰਪੁਰਬਾਂ ਦੀਆਂ ਤਰੀਕਾਂ ਸੰਗਤਾਂ ਨੂੰ ਦੁਬਿਧਾ 'ਚ ਪਾ ਰਹੀਆਂ ਹਨ। ਇਹ ਇਸ ਵਾਰ ਫਿਰ ਹੋਣ ਲੱਗਾ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ ਮੂਲ ਨਾਨਕਸ਼ਾਹੀ ਕੈਲੰਡਰ ਅਨੁਸਾਰ ਪੰਜ ਜਨਵਰੀ ਦੇ ਦਿਨ ਮਿਥਿਆ ਗਿਆ ਸੀ ਤੇ ਸਿੱਖ ਜਗਤ ਨੇ ਕੁਝ ਸਾਲ ਇਸੇ ਮਿੱਤੀ ਨੂੰ ਇਹ ਦਿਹਾੜਾ ਮਨਾਇਆ ਸੀ। ਬਾਅਦ 'ਚ ਸ਼੍ਰੋਮਣੀ ਕਮੇਟੀ ਵੱਲੋਂ ਬਿਕਰਮੀ ਕੈਲੰਡਰ ਅਪਣਾ ਲਏ ਜਾਣ ਨਾਲ ਦਸਵੇਂ ਗੁਰੂ ਸਾਹਿਬ ਦਾ 350 ਸਾਲਾ ਪ੍ਰਕਾਸ਼ ਪੁਰਬ ਸਿੱਖਾਂ ਨੇ ਪਟਨਾ ਸਾਹਿਬ ਵਿੱਚ ਸਾਲ 2017 'ਚ ਪੰਜ ਜਨਵਰੀ ਨੂੰ ਮਨਾਇਆ ਤੇ ਓਸੇ ਸਾਲ 25 ਦਸੰਬਰ ਨੂੰ ਗੁਰੂ ਸਾਹਿਬ ਦਾ 351 ਪ੍ਰਕਾਸ਼ ਪੁਰਬ ਵੀ ਮਨਾ ਲਿਆ, ਪਰ ਸਾਲ 2018 ਵਿੱਚ ਗੁਰੂ ਸਾਹਿਬ ਦਾ ਪ੍ਰਕਾਸ਼ ਪੁਰਬ ਆਇਆ ਹੀ ਨਹੀਂ, ਜਿਸ ਕਾਰਨ ਸੰਗਤਾਂ ਇਸ ਪੁਰਬ ਨੂੰ ਮਨਾ ਨਹੀਂ ਸਕੀਆਂ। ਅੱਗੋਂ ਸ਼੍ਰੋਮਣੀ ਕਮੇਟੀ ਵੱਲੋਂ ਪ੍ਰਕਾਸ਼ਿਤ ਨਾਨਕਸ਼ਾਹੀ ਕੈਲੰਡਰ 2018-19 ਅਨੁਸਾਰ ਗੁਰੂ ਸਾਹਿਬ ਦਾ 352ਵਾਂ ਪ੍ਰਕਾਸ਼ ਪੁਰਬ ਅਗਲੇ ਸਾਲ 13 ਜਨਵਰੀ 2019 ਨੂੰ ਆ ਰਿਹਾ ਹੈ। ਇਸੇ 13 ਜਨਵਰੀ ਨੂੰ ਪੰਜਾਬੀ ਲੋਕਾਂ ਅਤੇ ਸਿੱਖ ਜਗਤ ਵੱਲੋਂ ਲੋਹੜੀ ਦਾ ਤਿਉਹਾਰ ਵੀ ਮਨਾਇਆ ਜਾਣਾ ਹੈ। ਗੁਰਪੁਰਬ ਅਤੇ ਲੋਹੜੀ ਇੱਕੋ ਦਿਨ ਹੋਣ ਦੇ ਕਾਰਨ ਦੋਚਿੱਤੀ ਬਣ ਗਈ। ਇਕ ਪਾਸੇ ਜਿਥੇ ਪ੍ਰਕਾਸ਼ ਪੁਰਬ ਲਈ 13 ਜਨਵਰੀ ਨੂੰ ਧਾਰਮਿਕ ਸਮਾਗਮ ਹੋਣਗੇ, ਦੂਜੇ ਪਾਸੇ ਲੋਹੜੀ ਦਾ ਤਿਉਹਾਰ ਹੋਣ ਕਾਰਨ ਓਸੇ ਦਿਨ ਲੋਕਾਂ ਵੱਲੋਂ ਰੱਖੇ ਗਏ ਖੁਸ਼ੀ ਦੇ ਨਿੱਜੀ ਸਮਾਗਮਾਂ ਵਿੱਚ ਖਾਣ-ਪੀਣ ਦੇ ਦੌਰ ਵੀ ਚੱਲਣਗੇ।

ਅਕਾਲ ਤਖਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਇਸ ਵਾਰ ਸਿੱਖ ਪੰਥ ਤੇ ਸਮੂਹ ਸੰਗਤਾਂ ਵੱਲੋਂ ਗੁਰੂ ਗੋਬਿੰਦ ਸਿੰਘ ਜੀ ਦਾ ਪ੍ਰਕਾਸ਼ ਪੁਰਬ 13 ਜਨਵਰੀ ਨੂੰ ਮਨਾਇਆ ਜਾਣਾ ਹੈ। ਜਦੋਂ ਇਸੇ ਦਿਨ ਲੋਹੜੀ ਦਾ ਤਿਉਹਾਰ ਹੋਣ ਕਾਰਨ ਪੈਦਾ ਹੋ ਰਹੀ ਦੁਬਿਧਾ ਬਾਰੇ ਉਨ੍ਹਾਂ ਨੂੰ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਸੰਗਤਾਂ ਨੂੰ ਲੋਹੜੀ ਮੌਕੇ ਨਸ਼ਿਆਂ ਆਦਿ ਦੇ ਸੇਵਨ ਨੂੰ ਤਿਆਗ ਕੇ ਗੁਰੂ ਸਾਹਿਬ ਦੇ ਪ੍ਰਕਾਸ਼ ਪੁਰਬ ਨੂੰ ਸ਼ਰਧਾ ਤੇ ਉਤਸ਼ਾਹ ਸਹਿਤ ਮਨਾਉਣ ਨੂੰ ਪਹਿਲ ਦੇਣੀ ਚਾਹੀਦੀ ਹੈ।

# ਦਰਬਾਰ ਸਾਹਿਬ ਦੇ ਸੂਚਨਾ ਕੇਂਦਰ ਵਿੱਚ ਪ੍ਰੈਸ ਕਾਨਫਰੰਸਾਂ ਬਾਰੇ ਦੋਹਰੇ ਪੈਮਾਨੇ

ਅੰਮ੍ਰਿਤਸਰ, 17 ਦਸੰਬਰ (ਪੋਸਟ ਬਿਊਰੋ)- ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ (ਬ) ਦੇ ਮੁਕਾਬਲੇ ਦੂਜੀਆਂ ਪਾਰਟੀਆਂ ਦੇ ਆਗੂਆਂ ਨਾਲ ਵਿਤਕਰਾ ਕੀਤੇ ਜਾਣ ਬਾਰੇ ਸੰਗਤਾਂ 'ਚ ਕਾਫੀ ਨਾਰਾਜ਼ਗੀ ਹੈ।

ਇਸ ਐਤਵਾਰ ਨੂੰ ਬਾਦਲ ਅਕਾਲੀ ਦਲ ਦੇ ਮੁਕਾਬਲੇ ਕਾਇਮ ਹੋਏ ਨਵੇਂ ਸ਼੍ਰੋਮਣੀ ਅਕਾਲੀ ਦਲ (ਟਕਸਾਲੀ) ਦੇ ਪ੍ਰਧਾਨ ਤੇ ਹੋਰ ਆਗੂਆਂ ਨੂੰ ਸ੍ਰੀ ਹਰਿਮੰਦਰ ਸਾਹਿਬ ਦੇ ਸੂਚਨਾ ਕੇਂਦਰ ਵਿਖੇ ਮੀਡੀਆ ਨਾਲ ਗੱਲਬਾਤ ਕਰਨੋਂ ਰੋਕਣ ਨਾਲ ਸ਼੍ਰੋਮਣੀ ਕਮੇਟੀ ਦਾ ਦੋਹਰਾ ਮਾਪਦੰਡ ਜ਼ਾਹਰ ਹੋਇਆ ਹੈ। ਵਰਨਣ ਯੋਗ ਹੈ ਕਿ ਨਵੇਂ ਅਕਾਲੀ ਦਲ (ਟਕਸਾਲੀ) ਦੀ ਬਣਨ ਤੋਂ ਪਹਿਲਾਂ ਜਥੇਦਾਰ ਬ੍ਰਹਮਪੁਰਾ ਤੇ ਹੋਰ ਆਗੂ ਕਾਫੀ ਸਮਾਂ ਸੂਚਨਾ ਕੇਂਦਰ ਵਿਖੇ ਬੈਠੇ ਰਹੇ ਸਨ, ਪਰ ਨਵਾਂ ਅਕਾਲੀ ਦਲ (ਟਕਸਾਲੀ) ਬਣਾਉਣ ਤੋਂ ਬਾਅਦ ਜਦੋਂ ਨਵੇਂ ਬਣੇ ਦਲ ਦੇ ਪ੍ਰਧਾਨ ਜਥੇਦਾਰ ਰਣਜੀਤ ਸਿੰਘ ਬ੍ਰਹਮਪੁਰਾ ਅਤੇ ਹੋਰ ਆਗੂ



ਮੀਡੀਆ ਨਾਲ ਗੱਲਬਾਤ ਕਰਨ ਲਈ ਸੂਚਨਾ ਕੇਂਦਰ ਪੁੱਜੇ ਤਾਂ ਉਥੇ ਮੌਜੂਦ ਇਕ ਵਧੀਕ ਮੈਨੇਜਰ ਦੇ ਇਸ਼ਾਰੇ 'ਤੇ ਸ਼੍ਰੋਮਣੀ ਕਮੇਟੀ ਦੀ ਟਾਸਕ ਫੋਰਸ ਦੇ ਜਵਾਨਾਂ ਨੇ ਸੂਚਨਾ ਕੇਂਦਰ ਦੇ ਦਰਵਾਜ਼ੇ ਬੰਦ ਕਰ ਦਿੱਤੇ ਤੇ ਉਨ੍ਹਾਂ ਨੂੰ ਅੰਦਰ ਵੜਨ ਤੋਂ ਰੋਕ ਦਿੱਤਾ ਗਿਆ। ਫਿਰ ਇਨ੍ਹਾਂ ਟਕਸਾਲੀ ਆਗੂਆਂ ਨੇ ਮੀਡੀਆ ਸਾਹਮਣੇ ਸ਼੍ਰੋਮਣੀ ਕਮੇਟੀ ਦੀ ਕਰੜੀ ਨਿੰਦਾ ਕੀਤੀ ਤੇ ਆਪਣੀ ਪ੍ਰੈਸ ਕਾਨਫਰੰਸ ਸੂਚਨਾ ਕੇਂਦਰ ਦੇ ਬਾਹਰ ਵਰਾਂਡੇ ਵਿੱਚ ਜ਼ਮੀਨ ਉੱਤੇ ਬੈਠ ਕੇ ਕੀਤੀ। ਉਨ੍ਹਾਂ ਦੋਸ਼ ਲਾਇਆ ਕਿ ਬਾਦਲ ਪਰਵਾਰ ਨੇ ਅਕਾਲੀ ਦਲ ਤੇ ਸ਼੍ਰੋਮਣੀ ਕਮੇਟੀ 'ਤੇ ਕਬਜ਼ਾ ਕੀਤਾ ਪਿਆ ਹੈ। ਇਸ ਤੋਂ ਪਹਿਲਾਂ ਜਦੋਂ ਨਵੇਂ ਅਕਾਲੀ ਦਲ ਦੀ ਸਥਾਪਨਾ ਲਈ ਅਰਦਾਸ ਕੀਤੀ ਜਾਣੀ ਸੀ ਤਾਂ ਪਹਿਲਾਂ ਤੋਂ ਢਾਡੀ ਦਰਬਾਰ ਸਮੇਂ ਚੱਲਦੇ ਸਪੀਕਰ ਬੰਦ ਕਰ ਦਿੱਤੇ ਗਏ, ਜਿਸ ਕਾਰਨ ਪਾਰਟੀ ਆਗੂਆਂ ਨੇ ਵਕਤੀ ਕਿਸਮ ਦੇ ਸਪੀਕਰ ਅਤੇ ਮਾਈਕ ਦਾ ਪ੍ਰਬੰਧ ਕਰਨਾ ਪਿਆ।

ਕੁਝ ਦਿਨ ਪਹਿਲਾਂ ਬਾਦਲ ਅਕਾਲੀ ਦਲ ਦੇ ਆਗੂ ਭੁੱਲਾਂ ਬਖਸ਼ਾਉਣ ਲਈ ਗੁਰੂ ਘਰ ਅਰਦਾਸ ਅਤੇ ਸੇਵਾ ਕਰਨ ਪੁੱਜੇ ਸਨ ਤਾਂ ਪਾਰਟੀ ਦੇ ਸਰਪ੍ਰਸਤ ਪ੍ਰਕਾਸ਼ ਸਿੰਘ ਬਾਦਲ ਨੇ ਸੂਚਨਾ ਕੇਂਦਰ ਦੇ ਅਧਿਕਾਰੀਆਂ ਦੀਆਂ ਕੁਰਸੀ ਉਤੇ ਬੈਠ ਕੇ ਪ੍ਰੈਸ ਕਾਨਫਰੰਸ ਦੌਰਾਨ ਮੀਡੀਆ ਨਾਲ ਗੱਲਬਾਤ ਕੀਤੀ ਅਤੇ ਸ਼੍ਰੋਮਣੀ ਕਮੇਟੀ ਤੇ ਸੂਚਨਾ ਕੇਂਦਰ ਦੇ ਅਧਿਕਾਰੀਆਂ ਵੱਲੋਂ ਅਕਾਲੀ ਦਲ ਦੇ ਸੀਨੀਅਰ ਆਗੂਆਂ ਤੇ ਨਾਲ ਆਏ ਵਰਕਰਾਂ ਦੀ ਚਾਹ ਬਿਸਕੁਟਾਂ, ਮਠਿਆਈਆਂ ਤੇ ਭੁਜੀਆ ਆਦਿ ਛਕਾ ਕੇ ਟਹਿਲ ਸੇਵਾ ਕੀਤੀ ਗਈ ਸੀ।

# ਮੰਦਰ ਦਾ ਪੁਜਾਰੀ ਹੈਰੋਇਨ ਸਮੇਤ ਫੜਿਆ ਗਿਆ

ਗੁਰਦਾਸਪੁਰ, 17 ਦਸੰਬਰ (ਪੋਸਟ ਬਿਊਰੋ)- ਦੀਨਾਨਗਰ ਪੁਲਸ ਨੇ ਸ਼ਿਵਾਲਾ ਮੰਦਰ ਦੇ ਪੁਜਾਰੀ ਨੂੰ ਨੌਂ ਗਰਾਮ 20 ਮਿਲੀਗਰਾਮ ਹੈਰੋਇਨ ਦੇ ਨਾਲ ਫੜਨ ਵਿੱਚ ਸਫਲਤਾ ਪ੍ਰਾਪਤ ਕੀਤੀ।

ਏ ਐਸ ਆਈ ਹਰਬੀਰ ਸਿੰਘ ਦੇ ਮੁਤਾਬਕ ਉਨ੍ਹਾਂ ਨੂੰ ਸੂਚਨਾ ਮਿਲੀ ਸੀ ਕਿ ਸ਼ਿਵਾਲਾ ਮੰਦਰ ਦਾ ਪੁਜਾਰੀ ਰਜਿੰਦਰ ਪੁਰੀ ਨਸ਼ਾ ਵੇਚਦਾ ਹੈ ਅਤੇ ਇਸ ਸਮੇਂ ਸ਼ਿਵਾਲਾ ਮੰਦਰ, ਜੋ ਦੀਨਾਨਗਰ ਬਸ ਸਟੈਂਡ ਦੇ ਨੇੜੇ ਹੈ, ਵਿਖੇ ਆਪਣੇ ਗਾਹਕ ਦੀ ਉਡੀਕ ਕਰ ਰਿਹਾ ਹੈ। ਜਦੋਂ ਪੁਲਸ ਨੇ ਉਸ ਨੂੰ ਫੜ ਕੇ ਉਸ ਦੀ ਤਲਾਸ਼ੀ ਲੈਣੀ ਚਾਹੀ ਤਾਂ ਉਸ ਨੇ ਕਿਹਾ ਕਿ ਉਹ ਕਿਸੇ ਉਚ ਅਫਸਰ ਦੇ ਆਉਣ ਉੱਤੇ ਤਲਾਸ਼ੀ ਦੇਵੇਗਾ। ਫਿਰ ਡੀ ਐਸ ਪੀ ਮਨੋਜ ਕੁਮਾਰ ਦੀ ਹਾਜ਼ਰੀ ਵਿੱਚ ਜਦੋਂ ਪੁਜਾਰੀ ਦੀ ਤਲਾਸ਼ੀ ਲਈ ਗਈ ਤਾਂ ਉਸ ਦੀ ਜੇਬ ਵਿੱਚੋਂ ਲਿਫਾਫੇ ਵਿੱਚੋਂ 9 ਗਰਾਮ 20 ਮਿਲੀਗਰਾਮ ਹੈਰੋਇਨ ਮਿਲੀ। ਉਨ੍ਹਾਂ ਦੱਸਿਆ ਕਿ ਪੁੱਛਗਿੱਛ ਵਿੱਚ ਪੁਜਾਰੀ ਨੇ ਆਪਣੀ ਪਛਾਣ ਰਜਿੰਦਰ ਪੁਰੀ ਪੁੱਤਰ ਹਰਗੋਬਿੰਦ ਪੁਰੀ ਵਾਸੀ ਗਣੇਸ਼ ਘਾਟ ਹਰਿਦੁਆਰ ਉਤਰਾਖੰਡ ਹਾਲ ਵਾਸੀ ਸ਼ਿਵਾਲਾ ਮੰਦਰ ਨਜ਼ਦੀਕ ਬਸ ਸਟੈਂਡ ਦੱਸੀ।

# ਸਰਕਾਰ ਆਮਦਨ ਤੋਂ ਵੱਧ ਖਰਚ ਕਰਨ ਵਾਲੇ ਪੁਲਸ ਅਫਸਰਾਂ ਦੇ ਦੁਆਲੇ ਹੋਣ ਲੱਗੀ

ਜਲੰਧਰ, 17 ਦਸੰਬਰ (ਪੋਸਟ ਬਿਊਰੋ)- ਜਾਇਦਾਦ ਕਾਰੋਬਾਰੀਆਂ, ਹੋਟਲ ਮਾਲਕਾਂ ਤੇ ਜੁਏਬਾਜ਼ੀ ਦੇ ਧੰਦੇ ਵਾਲੇ ਲੋਕਾਂ ਵੱਲੋਂ ਆਪਣੇ ਕੰਮ ਕਢਵਾਉਣ ਲਈ ਕੁਝ ਪੁਲਸ ਅਫਸਰਾਂ ਨੂੰ ਮਹਿੰਗੇ ਤੋਹਫੇ ਦੇਣਾ ਆਮ ਗੱਲ ਹੈ। ਇਨ੍ਹਾਂ ਲੋਕਾਂ ਵੱਲੋਂ ਕੁਝ ਪੁਲਸ ਅਫਸਰਾਂ ਨੂੰ ਮਹਿੰਗੀਆਂ ਕਾਰਾਂ, ਮੋਬਾਈਲ ਫੋਨ, ਘੁੰਮਣ ਫਿਰਨ ਲਈ ਰਮਣੀਕ ਥਾਵਾਂ ਲਈ ਹਵਾਈ ਟਿਕਟਾਂ ਅਤੇ ਹੋਟਲਾਂ ਦੇ ਵਾਊਚਰ ਸਮੇਤ ਤੋਹਫੇ ਦਿੱਤੇ ਜਾਣ ਦੀਆਂ ਰਿਪੋਰਟਾਂ ਤੋਂ ਬਾਅਦ ਪਤਾ ਲੱਗਾ ਹੈ ਕਿ ਸਰਕਾਰ ਨੇ ਤੋਹਫੇ ਲੈਣ ਤੇ ਆਮਦਨ ਤੋਂ ਵਧੇਰੇ ਖਰਚ ਕਰਨ ਵਾਲੇ ਅਧਿਕਾਰੀਆਂ ਉੱਤੇ ਸ਼ਿਕੰਜਾ ਕੱਸਣ ਦਾ ਫੈਸਲਾ ਲਿਆ ਹੈ।

ਮਿਲੀ ਜਾਣਕਾਰੀ ਅਨੁਸਾਰ ਇਹ ਰਿਪੋਰਟਾਂ ਤੋਂ ਬਾਅਦ ਪਤਾ ਲੱਗਾ ਹੈ ਕਿ ਐਸ ਐਚ ਓ ਪੱਧਰ ਤੋਂ ਐਸ ਪੀ ਰੈਂਕ ਤੱਕ ਦੇ ਅਧਿਕਾਰੀ ਕਰੋੜ ਰੁਪਏ ਤੱਕ ਦੀਆਂ ਮਰਸੀਡੀਜ਼ ਕਾਰਾਂ ਦੇ ਝੂਟੇ ਲੈਂਦੇ ਹਨ ਤੇ ਕਈ ਲੋਕਾਂ ਦੇ ਹੱਥਾਂ ਵਿੱਚ ਤਿੰਨ-ਤਿੰਨ ਲੱਖ ਰੁਪਏ ਤੱਕ ਦੇ ਮੋਬਾਈਲ ਫੋਨ ਫੜੇ ਹੁੰਦੇ ਹਨ। ਇਨ੍ਹਾਂ ਅਧਿਕਾਰੀਆਂ ਦੀ ਜਾਇਦਾਦ ਕਾਰੋਬਾਰੀਆਂ ਨਾਲ ਨੇੜਤਾ ਅਕਸਰ ਦੇਖੀ ਜਾਂਦੀ ਹੈ। ਇਹ ਵੀ ਰਿਪੋਰਟਾਂ ਹਨ ਕਿ ਅਧਿਕਾਰੀਆਂ ਵੱਲੋਂ ਵਰਤੀਆਂ ਜਾਂਦੀਆਂ ਮਹਿੰਗੀਆਂ ਕਾਰਾਂ, ਫੋਨ ਤੇ ਹੋਰ ਵਸਤਾਂ ਸਬੰਧਤ ਅਧਿਕਾਰੀਆਂ ਦੇ ਆਪਣੇ ਨਾਵਾਂ ਦੀ ਥਾਂ ਹੋਰ ਨਾਵਾਂ 'ਤੇ ਲਈਆਂ ਜਾਂਦੀਆਂ ਹਨ। ਇਹ





ਰਿਪੋਰਟਾਂ ਤੋਂ ਪਤਾ ਲੱਗਾ ਹੈ ਕਿ ਮੁੱਖ ਮੰਤਰੀ ਦਫਤਰ ਨੇ ਖੁਫੀਆ ਵਿਭਾਗ ਨੂੰ ਸਾਰੇ ਪੰਜਾਬ ਵਿੱਚੋਂ ਅਜਿਹੇ ਅਫਸਰਾਂ ਦੀਆਂ ਸੂਚੀਆਂ ਬਣਾਉਣ ਦੀ ਹਦਾਇਤ ਕੀਤੀ ਹੈ ਤੇ ਖੁਫੀਆ ਵਿਭਾਗ ਦੇ ਅਧਿਕਾਰੀ ਇਸ ਲਈ ਸਰਗਰਮ ਦੱਸੇ ਜਾਂਦੇ ਹਨ। ਪਤਾ ਲੱਗਾ ਹੈ ਕਿ ਅੰਮ੍ਰਿਤਸਰ, ਜਲੰਧਰ, ਲੁਧਿਆਣਾ ਤੇ ਮੁਹਾਲੀ ਵਰਗੇ ਵੱਡੇ ਸ਼ਹਿਰਾਂ ਵਿੱਚ ਕਈ ਪੁਲਸ ਅਫਸਰਾਂ ਦੀ ਕਾਲੋਨੀਆਂ ਕੱਟਣ ਵਾਲਿਆਂ ਨਾਲ ਹਿੱਸੇਦਾਰੀ ਹੈ ਤੇ ਕਈ ਅਧਿਕਾਰੀਆਂ ਨੂੰ ਗਾਹੇ ਬਗਾਹੇ ਮਦਦ ਲਈ ਵੱਡੇ ਤੋਹਫੇ ਦਿੱਤੇ ਜਾਂਦੇ ਹਨ। ਪਿਛਲੇ ਦਿਨਾਂ ਵਿੱਚ ਮਾਲਵਾ ਖੇਤਰ ਦੇ ਇਕ ਐਸ ਐਸ ਪੀ ਵੱਲੋਂ ਪੁਲਸ ਹੈਡਕੁਆਰਟਰ ਦੇ ਕਈ ਅਫਸਰਾਂ ਨੂੰ ਮਹਿੰਗੇ ਮੋਬਾਈਲ ਵੰਡੇ ਜਾਣ ਦੀ ਵੀ ਚਰਚਾ ਰਹੀ ਹੈ।

# ਪੰਜਾਬ ਦੇ ਸੱਤ ਬਾਗੀ ਵਿਧਾਇਕਾਂ ਨੇ ਖਹਿਰਾ ਦਾ ਸਾਥ ਛੱਡਿਆ!

ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਆਮ ਆਦਮੀ ਪਾਰਟੀ ਤੋਂ ਸਸਪੈਂਡ ਕੀਤੇ ਹੋਏ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਆਮ ਆਦਮੀ ਪਾਰਟੀ ਨੂੰ ਝਟਕਾ ਦੇਣ ਲਈ ਨਵਾਂ ਅਲਾਇੰਸ ਬਣਾ ਕੇ ਭਵਿੱਖ ਦੀਆਂ ਚੋਣਾਂ ਲੜਨ ਦਾ ਐਲਾਨ ਕਰ ਦਿੱਤਾ ਹੈ, ਪਰ ਪਾਰਟੀ ਤੋਂ ਸਸਪੈਂਡ ਵਿਧਾਇਕ ਕੰਵਰ ਸੰਧੂ ਅਤੇ ਹੋਰ ਵਿਧਾਇਕਾਂ ਨੇ ਖਹਿਰਾ ਤੋਂ ਦੂਰੀ ਬਣਾਉਣ ਦਾ ਫੈਸਲਾ ਕਰ ਲਿਆ ਹੈ। ਭਰੋਸੇਯੋਗ ਸੂਤਰਾਂ ਮੁਤਾਬਕ ਖਹਿਰਾ ਨਾਲ ਚੱਲ ਰਹੇ ਸੱਤ ਵਿਧਾਇਕ ਖਰੜ ਤੋਂ ਵਿਧਾਇਕ ਕੰਵਰ ਸੰਧੂ ਦੀ ਅਗਵਾਈ ਵਿੱਚ ਬੁੱਧਵਾਰ ਨੂੰ ਮੀਟਿੰਗ ਕਰਨ ਵਾਲੇ ਹਨ, ਜਿੱਥੇ ਫੈਸਲਾ ਕੀਤਾ ਜਾਵੇਗਾ ਕਿ ਉਹ ਖਹਿਰਾ, ਬੈਂਸ ਭਰਾਵਾਂ ਦੀ ਲੋਕ ਇਨਸਾਫ ਪਾਰਟੀ, ਡਾ. ਧਰਮਵੀਰ ਗਾਂਧੀ ਦੇ ਪੰਜਾਬ ਮੰਚ, ਬਹੁਜਨ ਸਮਾਜ ਪਾਰਟੀ ਵੱਲੋਂ ਬਣਾਏ ਗਏ ਪੰਜਾਬ ਡੈਮੋਕ੍ਰੇਟਿਕ ਅਲਾਇੰਸ ਨਾਲ ਚੱਲਣਗੇ ਜਾਂ ਵੱਖਰਾ ਫਰੰਟ ਬਣਾਉਣਗੇ।

ਜਾਣਕਾਰ ਸੂਤਰਾਂ ਮੁਤਾਬਕ ਇਹ ਵਿਧਾਇਕ ਖੁਦ ਨੂੰ ਆਮ ਪਾਰਟੀ ਦੇ ਵਿਧਾਇਕ ਹੀ ਮੰਨਦੇ ਹਨ, ਪਰ ਸੁਖਪਾਲ ਸਿੰਘ ਖਹਿਰਾ ਤੇ ਕੰਵਰ ਸੰਧੂ ਨੂੰ ਪਾਰਟੀ ਨੇ ਸਸਪੈਂਡ ਕੀਤਾ ਗਿਆ ਹੈ। ਇਸ ਹਾਲਾਤ 'ਚ ਜੇ ਇਹ ਲੋਕ ਸਿੱਧੇ ਖਹਿਰਾ ਨਾਲ ਚੱਲਣਗੇ ਤਾਂ ਉਨ੍ਹਾਂ 'ਤੇ ਦਲ ਬਦਲੀ ਵਾਲੀ ਕਾਨੂੰਨੀ ਕਾਰਵਾਈ ਹੋ ਸਕਦੀ ਹੈ। ਪਤਾ ਲੱਗਾ ਹੈ ਕਿ ਇਸ ਲਈ ਇਹ ਲੋਕ ਖਹਿਰਾ ਧੜੇ ਨਾਲ ਨਾ ਚੱਲ ਕੇ ਵੱਖਰਾ ਫਰੰਟ ਬਣਾਉਣਗੇ ਤਾਂ ਜੋ ਪਾਰਟੀ ਵਿੱਚ ਵੀ ਰਿਹਾ ਜਾ ਸਕੇ।

# ਹਾਕੀ ਟੀਮ ਦੇ ਸਾਬਕਾ ਕਪਤਾਨ ਸਰਦਾਰ ਸਿੰਘ ਉੱਤੇ ਕੁੱਟਮਾਰ ਦੇ ਦੋਸ਼

ਚੰਡੀਗੜ੍ਹ, 17 ਦਸੰਬਰ (ਪੋਸਟ ਬਿਊਰੋ)- ਭਾਰਤੀ ਹਾਕੀ ਟੀਮ ਦੇ ਸਾਬਕਾ ਕਪਤਾਨ ਸਰਦਾਰ ਸਿੰਘ ਅਤੇ ਉਸ ਦੇ ਡਰਾਈਵਰ ਦੀਦਾਰ ਸਿੰਘ ਅਤੇ ਹੋਰਨਾਂ ਦੇ ਖਿਲਾਫ ਇੱਕ ਵਿਅਕਤੀ ਨੇ ਕੁੱਟਮਾਰ ਦੇ ਦੋਸ਼ ਲਗਾਏ ਹਨ।

ਦਰਅਸਲ ਕੱਲ੍ਹ ਸਵੇਰੇ ਸੈਕਟਰ 35ਏ ਦੇ ਮਕਾਨ ਨੰਬਰ 106 ਨੇੜੇ ਇਨੋਵਾ ਤੇ ਸਿਆਜ ਗੱਡੀ ਦੀ ਆਪਸ ਵਿੱਚ ਟੱਕਰ ਹੋ ਗਈ। ਇਨੋਵਾ ਨੂੰ ਡਰਾਈਵਰ ਦੀਦਾਰ ਸਿੰਘ ਚਲਾ ਰਿਹਾ ਸੀ। ਦੂਸਰੀ ਗੱਡੀ ਸਿਆਜ ਸੈਕਟਰ 37 ਦਾ ਵਾਸੀ ਸਚਿਨ ਚਲਾ ਰਿਹਾ ਸੀ। ਸਚਿਨ ਨੇ ਦੱਸਿਆ ਕਿ ਉਹ ਆਪਣੇ ਘਰ ਸੈਕਟਰ 37 ਵੱਲ ਜਾ ਰਹੇ ਸਨ ਤਾਂ ਤੇਜ਼ ਰਫਤਾਰ ਇਨੋਵਾ ਨੇ ਉਨ੍ਹਾਂ ਦੀ ਸਿਆਜ ਨੂੰ ਟੱਕਰ ਮਾਰ ਦਿੱਤੀ। ਇਸ ਦੇ ਬਾਅਦ ਇਨੋਵਾ ਗੱਡੀ ਦੇ ਡਰਾਈਵਰ ਦੀਦਾਰ ਸਿੰਘ ਨੇ ਆਪਣੇ ਕਿਸੇ ਨੂੰ ਫੋਨ ਕੀਤਾ। ਸਚਿਨ ਨੇ ਦੋਸ਼ ਲਾਇਆ ਕਿ ਕੁਝ ਦੇਰ ਬਾਅਦ ਇੰਡੀਅਨ ਹਾਕੀ ਟੀਮ ਦੇ ਸਾਬਕਾ ਕਪਤਾਨ ਸਰਦਾਰ ਸਿੰਘ ਅਤੇ ਇੱਕ ਹੋਰ ਸ਼ਖਸ ਮੌਕੇ ਉੱਤੇ ਆਏ ਅਤੇ ਉਸ ਨਾਲ ਕੁੱਟਮਾਰ ਕੀਤੀ। ਕੁਝ ਦੇਰ ਬਾਅਦ ਸੈਕਟਰ 34 ਥਾਣੇ ਦੀ ਪੁਲਸ ਆਈ ਅਤੇ ਦੋਵਾਂ ਗੱਡੀਆਂ ਦੇ ਚਾਲਕਾਂ ਦੇ ਡਰਾਈਵਿੰਗ ਲਾਇਸੈਂਸ ਲੈ ਕੇ ਹਾਦਸੇ ਦੀ ਤਫਤੀਸ਼ ਕੀਤੀ। ਸੈਕਟਰ 34 ਪੁਲਸ ਨੇ ਦੀਦਾਰ ਸਿੰਘ ਦੀ ਸ਼ਿਕਾਇਤ ਉੱਤੇ ਸਚਿਨ ਦੇ ਖਿਲਾਫ ਕੇਸ ਦਰਜ ਕਰਨ ਮੌਕੇ ਕ੍ਰਾਸ ਕੇਸ ਦਰਜ ਕਰਦੇ ਹੋਏ ਦੀਦਾਰ ਸਿੰਘ ਅਤੇ ਇੱਕ ਹੋਰ ਉੱਤੇ ਵੀ ਮਾਮਲਾ ਦਰਜ ਕੀਤਾ ਹੈ। ਸਚਿਨ ਨੇ ਦੋਸ਼ ਲਾਇਆ ਕਿ ਪੁਲਸ ਜਾਣ ਬੁੱਝ ਕੇ ਸਰਦਾਰ ਸਿੰਘ ਦੇ ਖਿਲਾਫ ਕੇਸ ਦਰਜ ਨਹੀਂ ਕਰ ਰਹੀ। ਪੁਲਸ ਦਾ ਕਹਿਣਾ ਹੈ ਕਿ ਜਦ ਉਹ ਘਟਨਾ ਵਾਲੀ ਥਾਂ ਪਹੁੰਚੇ ਤਾਂ ਸਰਦਾਰ ਸਿੰਘ ਮੌਕੇ 'ਤੇ ਮੌਜੂਦ ਨਹੀਂ ਸਨ।

7 STAR IMMIGRATION

ਵੀਜ਼ਾ ਤੇ ਇਮੀਗ੍ਰੇਸ਼ਨ ਦੀਆਂ ਸੇਵਾਵਾਂ

With Our Expert Team

Simrat Nijjar

Regulated Canadian Immigration Consultant

Ph:(905) 846-0707

Fax:(905)497-0706

ਜੇ ਹੋਰ ਪਾਸੋ ਯਤਨ ਕਰਕੇ ਥੱਕ ਚੁਕੇ ਹੋ, ਤਾਂ ਇਕ ਵਾਰੀ ਸੇਵਾ ਦਾ ਮੌਕਾ ਜ਼ਰੂਰ ਦਿਓ!

- Spousal Sponsorship
- Study Visa
- Express Entry
- Work Visa
- Visitor Visa
- Super Visa
- Citizenship
- PR Card Renewal
- Caregiver Program
- Atlantic Pilot Program
- Study Permit Extension
- PNP Application
- Work Permit Extension
- LMIA Application
- Spousal Work Permit
- Multiple Visa
- Parent Sponsorship
- Grandparents Sponsorship

Visit us online: www.7starimmigration.ca or email us at: info@7starimmigration.ca

1625 Steeles Ave E., Unit 17A, Brampton, ON L6T 4T7

Main Intersection- Steeles & Advance Blvd.

Jobs Jobs Jobs

General Labour/ Drivers/ Window Assemblers & Machine Operators

ਅੱਜ ਆਓ ਤੇ ਕੱਲ ਕੰਮ ਤੇ ਜਾਓ

- Full time/Part time workers Needed
- Morning & Afternoon Shifts Available
- 12 ਘੰਟੇ ਦੀਆਂ Shifts Available ਹਨ
- 7 ਦਿਨ ਕੰਮ ਉਪਲਬੱਧ ਹੈ।
- ਦਿਨ ਅਤੇ ਰਾਤ ਦੀਆਂ ਸਾਰੀਆਂ Shifts Available ਹਨ
- ਕੰਮ ਦੀ ਟ੍ਰੇਨਿੰਗ ਪਹਿਲਾਂ ਦਿਤੀ ਜਾਵੇਗੀ

ਜਿਆਦਾ ਜਾਣਕਾਰੀ ਲਈ ਸੰਪਰਕ ਕਰੋ:-

416.618.6030/416 477 3344

2355 Derry Rd E, Unit #20, 2nd Floor, Mississauga

Torbram/Derry intersection ਦੇ ਨੇੜੇ



# ਡੀ ਐਮ ਕੇ ਪਾਰਟੀ ਦੇ ਮੁਖੀ ਵੱਲੋਂ ਪ੍ਰਧਾਨ ਮੰਤਰੀ ਲਈ ਰਾਹੁਲ ਦੀ ਉਮੀਦਵਾਰੀ ਦਾ ਸਮਰਥਨ



ਚੇਨਈ, 17 ਦਸੰਬਰ (ਪੋਸਟ ਬਿਊਰੋ)- ਡੀ ਐਮ ਕੇ ਪਾਰਟੀ ਦੇ ਮੁੱਖ ਦਫਤਰ ਵਿੱਚ ਕੱਲ੍ਹ ਐਮ ਕਰੁਣਾਨਿਧੀ ਦੇ ਬੁੱਤ ਦੀ ਘੁੰਢ ਚੁਕਾਈ ਲਈ ਕੀਤੇ ਸਮਾਰੋਹ ਵਿੱਚ ਵਿਰੋਧੀ ਪਾਰਟੀਆਂ ਦੀ ਏਕਤਾ ਨਜ਼ਰ ਆਈ। ਇਸ ਮੌਕੇ ਡੀ ਐਮ ਕੇ ਪਾਰਟੀ ਦੇ ਮੁਖੀ ਐਮ ਕੇ ਸਟਾਲਿਨ ਨੇ ਪ੍ਰਧਾਨ ਮੰਤਰੀ ਅਹੁਦੇ ਲਈ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਦੀ ਉਮੀਦਵਾਰੀ ਦੇ ਸਮਰਥਨ ਦਾ ਐਲਾਨ ਕੀਤਾ ਅਤੇ ਕਿਹਾ ਕਿ ਰਾਹੁਲ 'ਚ 'ਫਾਸੀਵਾਦੀ' ਮੋਦੀ ਨੂੰ ਹਰਾਉਣ ਦੀ ਯੋਗਤਾ ਹੈ।

ਇਸ ਸਮਾਰੋਹ ਮੌਕੇ ਉਨ੍ਹਾਂ ਕਿਹਾ ਕਿ ਤਾਮਿਲ ਨਾਡੂ ਵੱਲੋਂ 2019 ਦੀਆਂ ਲੋਕ ਸਭਾ ਚੋਣਾਂ ਲਈ ਪ੍ਰਧਾਨ ਮੰਤਰੀ ਦੀ ਉਮੀਦਵਾਰੀ ਲਈ ਮੈਂ ਰਾਹੁਲ ਗਾਂਧੀ ਦੇ ਨਾਂਅ ਦਾ ਪ੍ਰਸਤਾਵ ਰੱਖਦਾ ਹਾਂ। ਮੋਦੀ ਉਤੇ ਹਮਲਾ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਪ੍ਰਧਾਨ ਮੰਤਰੀ ਦੇ ਕਾਰਜਕਾਲ 'ਚ ਦੇਸ਼ 15 ਸਾਲ ਪਿੱਛੇ ਚਲਾ ਗਿਆ ਅਤੇ ਜੇ ਉਨ੍ਹਾਂ ਨੂੰ ਇਕ ਹੋਰ ਮੌਕਾ ਮਿਲ ਗਿਆ ਤਾਂ ਦੇਸ਼ 50 ਸਾਲ ਪਿੱਛੇ ਚਲਾ ਜਾਵੇਗਾ। ਵਰਨਣ ਯੋਗ ਹੈ ਕਿ ਕਰੁਣਾਨਿਧੀ ਦੇ ਬੁੱਤ ਦੀ ਘੁੰਡ ਚੁਕਾਈ ਰਾਹੁਲ ਗਾਂਧੀ ਨੇ ਕੀਤੀ। ਇਸ ਸਮਾਰੋਹ ਵਿੱਚ ਤੇਲਗੂ ਦੇਸਮ ਪਾਰਟੀ ਦੇ ਮੁਖੀ ਅਤੇ ਆਂਧਰਾ ਪ੍ਰਦੇਸ਼ ਦੇ ਮੁੱਖ ਮੰਤਰੀ ਚੰਦਰ ਬਾਬੂ ਨਾਇਡੂ, ਸੀ ਪੀ ਐਮ ਦੇ ਸੀਨੀਅਰ ਨੇਤਾ ਅਤੇ ਕੇਰਲ ਦੇ ਮੁੱਖ ਮੰਤਰੀ ਪੀ. ਵਿਜੇਅਨ ਸਮੇਤ ਕਈ ਸੀਨੀਅਰ ਆਗੂ ਮੌਜੂਦ ਸਨ।

ਇਸ ਮੌਕੇ ਰਾਹੁਲ ਗਾਂਧੀ ਨੇ ਮੋਦੀ ਸਰਕਾਰ 'ਤੇ ਹਮਲਾ ਕਰਦਿਆਂ ਕਿਹਾ ਕਿ ਅਸੀਂ ਕਿਸੇ ਨੂੰ ਵੀ ਸਾਡੇ ਦੇਸ਼ ਦੀਆਂ ਸੁਪਰੀਮ ਕੋਰਟ, ਰਿਜ਼ਰਵ ਬੈਂਕ ਤੇ ਚੋਣ ਕਮਿਸ਼ਨ ਵਰਗੀਆਂ ਸੰਸਥਾਵਾਂ ਨੂੰ ਬਰਬਾਦ ਨਹੀਂ ਕਰਨ ਦੇਵੇਗਾਂ। ਉਨ੍ਹਾਂ ਕਿਹਾ ਕਿ ਕਰੁਣਾਨਿਧੀ ਨੂੰ ਯਾਦ ਕਰਦੇ ਹੋਏ ਅਸੀਂ ਇਕੱਠੇ ਹੋ ਕੇ ਅਗਲੀਆਂ ਚੋਣਾਂ ਵਿੱਚ ਭਾਜਪਾ ਨੂੰ ਹਰਾਉਣ ਜਾ ਰਹੇ ਹਾਂ।

# ਕਰਨਾਟਕ ਵਿੱਚ ਭਾਜਪਾ ਆਗੂ ਦੀ ਖੰਡ ਮਿਲ ਵਿੱਚ ਧਮਾਕੇ ਨਾਲ ਛੇ ਮੌਤਾਂ



ਨੁਕਸਾਨੀ ਗਈ ਸੂਗਰ ਮਿਲ ਵਿਚ ਰਾਹਤ ਕਾਰਜ ਵਿਚ ਜੁਟੀ ਪੁਲਸ ਦਾ ਇਕ ਦ੍ਰਿਸ਼।

ਬੰਗਲੌਰ, 17 ਦਸੰਬਰ (ਪੋਸਟ ਬਿਊਰੋ)- ਕਰਨਾਟਕ ਦੇ ਬਾਗਲਕੋਟ ਜ਼ਿਲ੍ਹੇ ਦੇ ਮੁਧੋਲ ਇਲਾਕੇ ਵਿੱਚ ਨਿਰਾਨੀ ਖੰਡ ਮਿਲ ਵਿੱਚ ਕੱਲ੍ਹ ਵੱਡਾ ਹਾਦਸਾ ਹੋਇਆ। ਇਥੇ ਬਾਇਲਰ ਫਟਣ ਨਾਲ ਛੇ ਮਜ਼ਦੂਰਾਂ ਦੀ ਮੌਤ ਹੋ ਗਈ ਅਤੇ ਤਿੰਨ ਗੰਭੀਰ ਰੂਪ ਵਿੱਚ ਜ਼ਖਮੀ ਹੋ ਗਏ। ਇਨ੍ਹਾਂ ਨੂੰ ਹਸਪਤਾਲ ਵਿੱਚ ਭਰਤੀ ਕਰਾਇਆ ਗਿਆ ਹੈ। ਇਹ ਫੈਕਟਰੀ ਭਾਜਪਾ ਵਿਧਾਇਕ ਅਤੇ ਕਰਨਾਟਕ ਦੇ ਸਾਬਕਾ ਮੰਤਰੀ ਮੁਰਗੇਸ਼ ਨਿਰਾਨੀ ਦੀ ਹੈ।

ਇਸ ਘਟਨਾ ਉੱਤੇ ਦੁੱਖ ਜ਼ਾਹਰ ਕਰਦੇ ਹੋਏ ਕਰਨਾਟਕ ਦੇ ਮੁੱਖ ਮੰਤਰੀ ਐਚ ਡੀ ਕੁਮਾਰਸਵਾਮੀ ਨੇ ਇਸ ਜ਼ਿਲ੍ਹੇ ਦੇ ਅਧਿਕਾਰੀਆਂ ਨੂੰ ਤੁਰੰਤ ਘਟਨਾ ਵਾਲੀ ਥਾਂ ਪਹੁੰਚ ਕੇ ਧਮਾਕੇ ਦੇ ਅਸਲੀ ਕਾਰਨਾਂ ਦਾ ਪਤਾ ਲਾਉਣ ਨੂੰ ਕਿਹਾ ਹੈ। ਇਸ ਮੌਕੇ ਪੁਲਸ ਦਾ ਕਹਿਣਾ ਹੈ ਕਿ ਧਮਾਕਾ ਟ੍ਰੀਟਮੈਂਟ ਪਲਾਂਟ ਵਿੱਚ ਹੋਇਆ ਹੈ। ਟ੍ਰੀਟਮੈਂਟ ਪਲਾਂਟ ਦੇ ਸੇਫਟੀ ਵਾਲਵ ਵਿੱਚ ਬਲਾਕੇਜ ਹੋਣ ਕਾਰਨ ਬਾਇਲਰ ਫਟਿਆ। ਖੰਡ ਮਿਲ ਵਿੱਚ ਧਮਾਕੇ ਦੀ ਪੁਸ਼ਟੀ ਮੁਰਗੇਸ਼ ਨਿਰਾਨੀ ਨੇ ਵੀ ਕੀਤੀ ਹੈ। ਇੱਕ ਬਿਆਨ ਵਿੱਚ ਉਨ੍ਹਾਂ ਨੇ ਕਿਹਾ ਕਿ ਧਮਾਕਾ ਉਨ੍ਹਾਂ ਦੀ ਫੈਕਟਰੀ ਕੰਪਲੈਕਸ ਦੇ ਬਾਹਰ ਵੇਸਟ ਵਾਟਰ ਟ੍ਰੀਟਮੈਂਟ ਪਲਾਂਟ ਵਿੱਚ ਮੀਥੇਨ ਗੈਸ ਦੇ ਇਕੱਠਾ ਹੋਣ ਨਾਲ ਹੋਇਆ।

# ਦਿਲੀਪ ਕੁਮਾਰ ਵਾਲੇ ਬੰਗਲੇ ਉੱਤੇ ਕਬਜ਼ੇ ਦੀ ਕੋਸ਼ਿਸ਼ ਕਰਨ ਵਾਲਾ ਬਿਲਡਰ ਰਿਹਾਅ ਹੋ ਗਿਆ

ਮੁੰਬਈ, 17 ਦਸੰਬਰ (ਪੋਸਟ ਬਿਊਰੋ)- ਉਘੇ ਅਦਾਕਾਰ ਦਿਲੀਪ ਕੁਮਾਰ (96) ਦੇ ਬੰਗਲੇ ਉੱਤੇ ਮਾਲਕੀ ਦਾ ਝੂਠਾ ਦਾਅਵਾ ਕਰਨ ਵਾਲਾ ਬਿਲਡਰ ਸਮੀਰ ਭੋਜਵਾਨੀ ਜੇਲ੍ਹ ਤੋਂ ਰਿਹਾਅ ਹੋ ਗਿਆ ਹੈ। ਇਸ ਪਿੱਛੋਂ ਦਿਲੀਪ ਕੁਮਾਰ ਦੀ ਪਤਨੀ ਸਾਇਰਾ ਬਾਨੋ ਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਇਸ ਮਸਲੇ 'ਤੇ ਗੱਲਬਾਤ ਲਈ ਮੁਲਾਕਾਤ ਲਈ ਬੇਨਤੀ ਕੀਤੀ ਹੈ। ਇਹ ਬੰਗਲਾ ਬਾਂਦਰਾ ਦੇ ਪਾਲੀ ਹਿਲ ਇਲਾਕੇ ਵਿੱਚ ਪੈਂਦਾ ਹੈ।

ਸਾਇਰਾ ਬਾਨੋ ਨੇ ਕੱਲ੍ਹ ਦਿਲੀਪ ਕੁਮਾਰ ਦੇ ਟਵਿਟਰ ਅਕਾਊਟ 'ਤੇ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੀ ਬੇਨਤੀ ਨੂੰ ਸਾਂਝਾ ਕੀਤਾ ਅਤੇ ਕਿਹਾ ਕਿ ਲੈਂਡ ਮਾਫੀਆ ਸਮੀਰ ਭੋਜਵਾਨੀ ਜੇਲ੍ਹ ਤੋਂ ਛੁੱਡ ਗਿਆ ਹੈ। ਮੁੱਖ ਮੰਤਰੀ ਦੇਵੇਂਦਰ ਫੜਨਵੀਸ ਵੱਲੋਂ ਦਿੱਤੇ ਭਰੋਸੇ ਪਿੱਛੋਂ ਵੀ ਉਸ ਦੇ ਖਿਲਾਫ ਕੋਈ ਕਾਰਵਾਈ ਨਹੀਂ ਕੀਤੀ ਗਈ। ਉਨ੍ਹਾਂ ਕਿਹਾ ਕਿ ਪਦਮ ਵਿਭੂਸ਼ਣ ਨਾਲ ਧੋਖਾ ਹੋਇਆ ਹੈ ਅਤੇ ਉਨ੍ਹਾਂ ਨੂੰ ਪੈਸੇ ਤੇ ਤਾਕਤ ਦੇ ਜ਼ੋਰ 'ਤੇ ਧਮਕੀਆਂ ਦਿੱਤੀਆਂ ਗਈਆਂ ਹਨ। ਉਨ੍ਹਾਂ ਮੁੰਬਈ 'ਚ ਪ੍ਰਧਾਨ ਮੰਤਰੀ ਨਾਲ ਮੁਲਾਕਾਤ ਦੀ ਬੇਨਤੀ ਕੀਤੀ ਹੈ। ਇਸ ਤੋਂ ਪਹਿਲਾਂ ਸਾਇਰਾ ਬਾਨੋ ਨੇ ਪੁਲਸ ਕੋਲ ਪਹੁੰਚ ਕਰਕੇ ਭੋਜਵਾਨੀ ਖਿਲਾਫ ਸ਼ਿਕਾਇਤ ਦਰਜ ਕਰਵਾਈ ਸੀ। ਜਨਵਰੀ 'ਚ ਮੁੰਬਈ ਪੁਲਸ ਦੇ ਆਰਥਿਕ ਅਪਰਾਧ ਵਿੰਗ ਨੇ ਇਸ ਬਿਲਡਰ ਦੇ ਖਿਲਾਫ ਧੋਖਾਧੜੀ ਦਾ ਕੇਸ ਦਰਜ ਕੀਤਾ ਸੀ। ਪੁਲਸ ਨੂੰ ਸ਼ੱਕ ਸੀ ਕਿ ਭੋਜਵਾਨੀ ਨੇ ਇਹ ਜਾਇਦਾਦ ਹੜਪਣ ਲਈ ਫਰਜ਼ੀ ਕਾਗਜ਼ ਤਿਆਰ ਕੀਤੇ ਹਨ। ਜਦੋਂ ਭੋਜਵਾਨੀ ਦੇ ਬਾਂਦਰਾ ਵਾਲੇ ਘਰ 'ਤੇ ਛਾਪਾ ਮਾਰਿਆ ਤਾਂ ਉਥੋਂ ਚਾਕੂ ਤੇ ਕਿਰਚਾਂ ਸਮੇਤ ਕੁਝ ਹਥਿਆਰ ਬਰਾਮਦ ਕੀਤੇ ਸਨ। ਭੋਜਵਾਨੀ ਨੂੰ ਅਪ੍ਰੈਲ 'ਚ ਗ੍ਰਿਫਤਾਰ ਕੀਤਾ ਗਿਆ ਸੀ।

# ਬੈਂਕ ਮੈਨੇਜਰ ਵਲੋਂ 84 ਲੱਖ ਦੇ ਸਿੱਕੇ ਚੋਰੀ



ਕੋਲਕਾਤਾ, 17 ਦਸੰਬਰ (ਪੋਸਟ ਬਿਊਰੋ)- ਪੱਛਮੀ ਬੰਗਾਲ ਦੇ ਮੇਮਾਰੀ ਵਿੱਚ ਸਟੇਟ ਬੈਂਕ ਆਫ ਇੰਡੀਆ (ਐੱਸ ਬੀ ਆਈ) ਦੀ ਬ੍ਰਾਂਚ ਵਿੱਚੋਂ ਇਸ ਬੈਂਕ ਦੇ ਹੀ ਇੱਕ ਸੀਨੀਅਰ ਅਸਿਸਟੈਂਟ ਮੈਨੇਜਰ ਨੇ 84 ਲੱਖ ਰੁਪਏ ਦੀ ਕੀਮਤ ਦੇ ਸਿੱਕੇ ਚੋਰੀ ਕਰ ਲਏ, ਪਰ ਅੱਠ ਸਾਲਾਂ ਤੋਂ ਐੱਸ ਬੀ ਆਈ ਵਿੱਚ ਕੰਮ ਕਰ ਰਹੇ ਮੈਨੇਜਰ 'ਤੇ ਕਿਸੇ ਨੂੰ ਵੀ ਸ਼ੱਕ ਨਹੀਂ ਹੋਇਆ। ਆਡਿਟ ਹੋਣ ਤੋਂ ਬਾਅਦ ਮਾਮਲੇ ਦਾ ਖੁਲਾਸਾ ਹੋਇਆ ਹੈ।

ਇਸ ਸੰਬੰਧ ਵਿੱਚ ਦੋਸ਼ ਲਾਇਆ ਗਿਆ ਹੈ ਕਿ 35 ਸਾਲਾ ਤਾਰਕ ਜੈਸਵਾਲ ਨੇ ਲਾਟਰੀ ਖੇਡਣ ਵਿੱਚ ਚੋਰੀ ਕੀਤੇ ਪੈਸੇ ਦੀ ਵਰਤੋਂ ਕੀਤੀ। ਬੈਂਕ ਦੀ ਕਰੰਸੀ ਚੈਸਟ ਮੈਨੇਜ ਕਰਨ ਵਾਲੇ ਜੈਸਵਾਲ ਨੇ ਇਹ ਚੋਰੀ ਬੀਤੇ 17 ਮਹੀਨਿਆਂ ਵਿੱਚ ਕੀਤੀ ਹੈ। ਸਥਾਨਕ ਅਦਾਲਤ ਨੇ ਉਸ ਨੂੰ ਪੰਜ ਦਿਨਾਂ ਦੀ ਪੁਲਸ ਕਸਟਡੀ ਵਿੱਚ ਭੇਜ ਦਿੱਤਾ ਹੈ। ਇੱਕ ਪੁਲਸ ਅਧਿਕਾਰੀ ਨੇ ਕਿਹਾ ਕਿ ਜੈਸਵਾਲ ਨੇ ਜੁਰਮ ਕਬੂਲ ਕਰ ਕੇ ਕਿਹਾ ਕਿ ਉਸ ਨੇ ਸਾਰਾ ਪੈਸਾ ਲਾਟਰੀ ਟਿਕਟਾਂ ਵਿੱਚ ਲਾ ਦਿੱਤਾ ਹੈ।

# ਸਾਬਰੀਮਾਲਾ ਜਾਂਦੇ ਟ੍ਰਾਂਸਜੈਂਡਰ ਲੋਕਾਂ ਨੂੰ ਪੁਲਸ ਨੇ ਵਾਪਸ ਭੇਜਿਆ

ਇਰੂਮੇਲੀ (ਕੇਰਲ), 17 ਦਸੰਬਰ (ਪੋਸਟ ਬਿਊਰੋ)- ਸਾਬਰੀਮਾਲਾ ਮੰਦਰ ਵਿੱਚ ਪੂਜਾ ਦੇ ਲਈ ਜਾਂਦੇ ਟ੍ਰਾਂਸਜੈਂਡਰ ਲੋਕਾਂ ਦੇ ਇੱਕ ਗਰੁੱਪ ਨੂੰ ਪੁਲਸ ਨੇ ਮੰਦਰ ਤੋਂ 60 ਕਿਲੋਮੀਟਰ ਦੂਰ ਇਰੂਮੇਲੀ ਵਿੱਚ ਰੋਕ ਕੇ ਵਾਪਸ ਭੇਜ ਦਿੱਤਾ।

ਟ੍ਰਾਂਸਜੈਂਡਰਾਂ ਨੇ ਦੋਸ਼ ਲਾਇਆ ਕਿ ਪੁਲਸ ਨੇ ਉਨ੍ਹਾਂ ਨੂੰ ਪ੍ਰੇਸ਼ਾਨ ਕੀਤਾ ਅਤੇ ਕਿਹਾ ਕਿ ਉਨ੍ਹਾਂ ਦੇ ਦਰਸ਼ਨ 'ਤੇ ਪਾਬੰਦੀ ਨਹੀਂ, ਪਰ ਇਸ ਮੁੱਦੇ 'ਤੇ ਕਾਨੂੰਨੀ ਸਪੱਸ਼ਟਤਾ ਦੀ ਲੋੜ ਹੈ। ਦਰਸ਼ਨਾਂ ਦੇ ਲਈ ਪ੍ਰਾਚੀਨ ਪਹਿਰਾਵਾ ਕਾਲੀ ਸਾੜ੍ਹੀ ਪਹਿਨ ਕੇ ਅਨੰਨਿਆ, ਤ੍ਰਿਪਤੀ, ਰੇਂਜੂਮੋਲ ਅਤੇ ਅਵੰਤਿਕਾ ਮੰਦਿਰ ਜਾ ਰਹੀਆਂ ਸਨ। ਉਨ੍ਹਾਂ ਕਿਹਾ ਕਿ ਪੁਲਸ ਨੇ ਉਨ੍ਹਾਂ ਨੂੰ ਸੁਰੱਖਿਆ ਦੇਣ ਤੋਂ ਇਨਕਾਰ ਕੀਤਾ ਅਤੇ ਅੱਗੇ ਜਾਣ ਦੀ ਇਜਾਜ਼ਤ ਨਹੀਂ ਦਿੱਤੀ। ਅਨੰਨਿਆ ਨੇ ਕਿਹਾ ਕਿ ਔਰਤਾਂ 'ਤੇ ਲੱਗੀ ਪਾਬੰਦੀ ਸਾਡੇ 'ਤੇ ਲਾਗੂ ਨਹੀਂ ਹੁੰਦੀ। ਅਸੀਂ ਪੁਲਸ ਨੂੰ ਇਹ ਕਿਹਾ ਵੀ, ਪਰ ਉਹ ਸਾਨੂੰ ਅਗੇ ਜਾਣ ਦੇਣ ਦੀ ਖੁੱਲ੍ਹ ਦੇਣ ਨੂੰ ਤਿਆਰ ਨਹੀਂ ਹੋਏ। ਉਨ੍ਹਾਂ ਨੇ ਮਰਦਾਂ ਦਾ ਪਹਿਰਾਵਾ ਪਹਿਨਣ ਨੂੰ ਮਜਬੂਰ ਕੀਤਾ। ਕੋਟਾਯਮ ਦੇ ਪੁਲਸ ਸੁਪਰਡੈਂਟ ਐਸ ਹਰਿਸ਼ੰਕਰ ਨੇ ਮੰਦਰ ਵਿੱਚ ਹਰ ਕਿਸੇ ਨੂੰ ਪੂਜਾ ਕਰਨ ਦਾ ਅਧਿਕਾਰ ਹੈ। ਇਸ ਬਾਰੇ ਸਾਨੂੰ ਕੁਝ ਕਾਨੂੰਨੀ ਸਪੱਸ਼ਟਤਾ ਲੈਣ ਦੀ ਜ਼ਰੂਰਤ ਹੈ, ਇਸ ਲਈ ਅਸੀਂ ਹਾਈ ਕੋਰਟ ਵੱਲੋਂ ਨਿਯੁਕਤ ਕਮੇਟੀ ਦੇ ਸਾਹਮਣੇ ਜਾਵਾਂਗੇ ਅਤੇ ਉਨ੍ਹਾਂ ਦੀ ਸਲਾਹ ਲਵਾਂਗੇ।

# ਤਿੰਨ ਤਲਾਕ ਦਾ ਕਾਨੂੰਨ ਬਣਿਆ ਤਾਂ ਮੁਸਲਿਮ ਬੋਰਡ ਵੀ ਅਦਾਲਤ ਵਿੱਚ ਚੁਣੌਤੀ ਲਈ ਤਿਆਰ




ਲਖਨਊ, 17 ਦਸੰਬਰ (ਪੋਸਟ ਬਿਊਰੋ)- ਆਲ ਇੰਡੀਆ ਮੁਸਲਿਮ ਪਰਸਨਲ ਲਾਅ ਬੋਰਡ ਨੇ ਕੱਲ੍ਹ ਕਿਹਾ ਹੈ ਕਿ ਤਿੰਨ ਤਲਾਕ ਬਾਰੇ ਪਾਰਲੀਮੈਂਟ ਵਿੱਚ ਕਾਨੂੰਨ ਬਣਿਆ ਤਾਂ ਉਹ ਇਸ ਨੂੰ ਅਦਾਲਤ ਵਿੱਚ ਚੁਣੌਤੀ ਦੇਵੇਗੀ।

ਬੋਰਡ ਦੀ ਵਰਕਿੰਗ ਕਮੇਟੀ ਦੀ ਇਥੇ ਹੋਈ ਬੈਠਕ ਤੋਂ ਬਾਅਦ ਪੱਤਰਕਾਰਾਂ ਬੋਰਡ ਦੇ ਸੀਨੀਅਰ ਮੈਂਬਰ ਕਾਸਿਮ ਰਸੂਲ ਇਲਿਆਸ ਨੇ ਦੱਸਿਆ ਕਿ ਕੇਂਦਰ ਸਰਕਾਰ ਤਿੰਨ ਤਲਾਕ ਉਤੇ ਆਰਡੀਨੈਂਸ ਲਿਆਈ ਹੈ। ਇਸ ਦੀ ਮਿਆਦ ਛੇ ਮਹੀਨੇ ਹੈ। ਜੇ ਇਹ ਲੰਘ ਗਈ ਤਾਂ ਕੋਈ ਗੱਲ ਨਹੀਂ, ਜੇ ਇਸ ਨੂੰ ਕਾਨੂੰਨੀ ਸ਼ਕਲ ਦਿੱਤੀ ਤਾਂ ਬੋਰਡ ਇਸ ਨੂੰ ਅਦਾਲਤ ਵਿੱਚ ਚੁਣੌਤੀ ਦੇਵੇਗਾ। ਉਨ੍ਹਾਂ ਕਿਹਾ ਕਿ ਇਹ ਆਰਡੀਨੈਂਸ ਮੁਸਲਿਮ ਸਮਾਜ ਨਾਲ ਵਿਚਾਰ ਕੀਤੇ ਬਿਨਾਂ ਤਿਆਰ ਕੀਤਾ ਗਿਆ ਹੈ ਤੇ ਜੇ ਸਰਕਾਰ ਇਸ ਨੂੰ ਪਾਰਲੀਮੈਂਟ ਵਿੱਚ ਬਿੱਲ ਦੇ ਤੌਰ 'ਤੇ ਪੇਸ਼ ਕਰੇਗੀ ਤਾਂ ਬੋਰਡ ਸਾਰੀਆਂ ਧਰਮ ਨਿਰਪੱਖ ਪਾਰਟੀਆਂ ਨੂੰ ਅਪੀਲ ਕਰੇਗਾ ਕਿ ਉਹ ਇਸ ਨੂੰ ਪਾਸ ਨਾ ਹੋਣ ਦੇਣ। ਇਲਿਆਸ ਨੇ ਦੱਸਿਆ ਕਿ ਬੋਰਡ ਦਾ ਸਪੱਸ਼ਟ ਰੁਖ਼ ਹੈ ਕਿ ਉਹ ਬਾਬਰੀ ਮਸਜਿਦ ਮਾਮਲੇ 'ਚ ਅਦਾਲਤ ਦੇ ਆਖਰੀ ਫੈਸਲੇ ਨੂੰ ਸਵੀਕਾਰ ਕਰੇਗਾ।

ਉਨ੍ਹਾਂ ਕਿਹਾ ਕਿ ਬੈਠਕ 'ਚ ਇਹ ਵੀ ਰਾਇ ਬਣੀ ਹੈ ਕਿ ਸਰਕਾਰ ਮੰਦਰ ਬਣਾਉਣ ਲਈ ਆਰਡੀਨੈਂਸ ਜਾਂ ਕਾਨੂੰਨ ਲਿਆਉਣ ਦੀ ਮੰਗ ਦੇ ਨਾਲ ਦਿੱਤੇ ਜਾ ਰਹੇ ਜ਼ਹਿਰੀਲੇ ਬਿਆਨਾਂ 'ਤੇ ਰੋਕ ਲਾਏ। ਬੋਰਡ ਦੇ ਸੀਨੀਅਰ ਮੈਂਬਰ ਜ਼ਫਰਯਾਬ ਜ਼ਿਲਾਨੀ ਨੇ ਇਸ ਮੌਕੇ ਕਿਹਾ ਕਿ ਅਯੁੱਧਿਆ ਦੀ ਵਿਵਾਦਤ ਜ਼ਮੀਨ 'ਤੇ ਸਥਿਤੀ ਜਿਉਂ ਦੀ ਤਿਉਂ ਰਹਿਣ ਦੀ ਹਾਲਤ 'ਚ ਕੋਈ ਆਰਡੀਨੈਂਸ ਲਿਆਂਦਾ ਨਹੀਂ ਜਾ ਸਕਦਾ। ਧਰਮ ਨਿਰਪੱਖਤਾ ਦਾ ਆਧਾਰ ਹੈ ਤੇ ਜੇ ਸਰਕਾਰ ਆਰਡੀਨੈਂਸ ਜਾਂ ਕਾਨੂੰਨ ਲਿਆਉਂਦੀ ਹੈ ਤਾਂ ਉਹ ਸੰਵਿਧਾਨਕ ਤੌਰ 'ਤੇ ਸਹੀ ਨਹੀਂ ਹੋਵੇਗਾ। ਜ਼ਿਲਾਨੀ ਨੇ ਇੱਕ ਸਵਾਲ ਦੇ ਜਵਾਬ ਵਿੱਚ ਕਿਹਾ ਕਿ ਉਹ ਸੁਪਰੀਮ ਕੋਰਟ ਦੇ ਰਵੱਈਏ ਨੂੰ ਚੰਗੀ ਤਰ੍ਹਾਂ ਜਾਣਦੇ ਹਨ, ਇਸ ਲਈ ਅਸੀਂ ਮੰਦਰ ਨੂੰ ਲੈ ਕੇ ਹੋ ਰਹੀ ਬਿਆਨਬਾਜ਼ੀ ਖਿਲਾਫ ਅਦਾਲਤ ਦਾ ਦਰਵਾਜ਼ਾ ਨਹੀਂ ਖੜਕਾ ਰਹੇ ਹਾਂ।

# ਸ਼ਾਦੀ ਹੋਣ ਤੋਂ ਪਹਿਲਾਂ ਦੋਸ਼ੀ ਲਾੜੇ ਨੂੰ ਪੁਲਸ ਨੇ ਆਣ ਫੜਿਆ



ਕਿਸ਼ਤਵਾੜ, 17 ਦਸੰਬਰ (ਪੋਸਟ ਬਿਊਰੋ)- ਕਿਸ਼ਤਵਾੜ ਪੁਲਸ ਨੇ ਕੱਲ੍ਹ ਅੱਤਵਾਦੀ ਸੰਗਠਨਾਂ ਨੂੰ ਹਥਿਆਰ ਸਪਲਾਈ ਕਰਨ ਅਤੇ ਦੇਸ਼ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੋਣ ਦੇ ਦੋਸ਼ ਵਿੱਚ ਇਕ ਨੌਜਵਾਨ ਨੂੰ ਕਾਬੂ ਕੀਤਾ ਹੈ। ਕਾਬੂ ਕੀਤੇ ਗਏ ਦੋਸ਼ੀ ਦੀ ਕੱਲ੍ਹ ਹੀ ਸ਼ਾਦੀ ਹੋਣ ਜਾ ਰਹੀ ਸੀ।

ਐਸ ਐਸ ਪੀ ਰਾਜਿੰਦਰ ਕੁਮਾਰ ਗੁਪਤਾ ਨੇ ਦੱਸਿਆ ਕਿ ਦੋਸ਼ੀ ਜਹੂਰ ਅਹਿਮਦ ਕਮਲ ਉਰਫ ਨਿੱਕਾ ਕਮਲ ਪੁੱਤਰ ਵਲੀ ਮੁਹੰਮਦ ਵਾਸੀ ਕਮਲ ਮੁਹੱਲਾ ਕਿਸ਼ਤਵਾੜ ਇਸ ਜੁਲਾਈ ਵਿੱਚ ਦਰਜ ਹੋਏ ਕੇਸ ਵਿੱਚ ਲੋੜੀਂਦਾ ਸੀ, ਜਿਸ ਵਿੱਚ ਹਿਜ਼ਬੁਲ ਦਾ ਸਰਗਰਮ ਅੱਤਵਾਦੀ ਰਮੀਜ ਅਹਿਮਦ ਆਪਣੇ ਇਕ ਸਾਥੀ ਨਾਲ ਹਥਿਆਰਾਂ ਸਮੇਤ ਫੜਿਆ ਗਿਆ ਸੀ। ਦੋਸ਼ ਇਹ ਹੈ ਕਿ ਰਮੀਜ਼ ਅਹਿਮਦ ਨੂੰ ਜਹੂਰ ਅਹਿਮਦ ਉਰਫ ਨਿੱਕਾ ਕਮਲ ਨੇ ਇਕ ਪਿਸਤੌਲ, ਗ੍ਰੇਨੇਡ, ਏ ਕੇ 47 ਰਾਈਫਲ ਦੀਆਂ ਤਿੰਨ ਮੈਗਜ਼ੀਨਾਂ ਅਤੇ 90 ਰਾਊਂਡ ਹਾਸਲ ਕਰਵਾਏ ਸਨ। ਇਸ ਦੇ ਇਲਾਵਾ ਇਹ ਗੱਲ ਵੀ ਸਾਹਮਣੇ ਆਈ ਕਿ ਕੁਝ ਦਿਨ ਪਹਿਲਾ ਕਿਸ਼ਤਵਾੜ ਪੁਲਸ ਵੱਲੋਂ ਗ੍ਰਿਫਤਾਰ ਕੀਤੇ ਆਈ ਐਸ ਆਈ ਏਜੰਟ ਨਾਲ ਵੀ ਨਿੱਕਾ ਕਮਲ ਦਾ ਨਾਮ ਜੁੜਿਆ ਹੈ। ਮਿਲੀ ਜਾਣਕਾਰੀ ਅਨੁਸਾਰ ਨਿੱਕਾ ਕਮਲ ਦੀ ਸ਼ਾਦੀ ਹੋਣੀ ਸੀ, ਪਰ ਇਸ ਤੋਂ ਪਹਿਲਾ ਉਹ ਪੁਲਸ ਦੀ ਗ੍ਰਿਫਤ ਵਿੱਚ ਆ ਗਿਆ ਅਤੇ ਥਾਣੇ ਪਹੁੰਚ ਗਿਆ ਸੀ।

UPPAL LAW
FREE CONSULTATION !
Avtar Uppal Manager
Aman Uppal Barrister, Solicitor
IMMIGRATION SERVICES :
- Visitor Visa ($200)
- Supervisa ($200)
- Study, Work, Visitor Extension ($125)
- Spousal Applications ($600)
- Family Sponsorship
- Permanent Residence Card Renewal ($65)
- Citizenship Applications ($70)
- All Invitation letters ($35)

OTHER PRACTICES:
- Criminal Law
- Power of Attorney ($60)
- Change of Name ($115)
- Notarization ($15)
- Travel Consent ($20)
- Affidavit ($35)
- Landlord and Tenant Matters ($250)

Prices are subject to Taxes, do not include Government fees and service by appointment only.
Offer valid until 9/30/201
Ph: 905-676-8200 Fax: 905-672-7848
351 Parkhurst Square, Brampton, ON L6T 5H5
2857 Derry Rd E, Mississauga, ON L4T 1A6

FIRST CHOICE FINANCIAL LIMITED
TRUCK LOANS
ਟਰੱਕ ਲੋਨ ਅਪਰੂਵਲ ਸਿਰਫ 2 ਘੰਟਿਆਂ ਦੇ ਅੰਦਰ-ਅੰਦਰ
ਹਰ ਤਰ੍ਹਾਂ ਦੇ ਨਵੇਂ ਤੇ ਪੁਰਾਣੇ ਟਰੱਕ ਤੇ ਟ੍ਰੇਲਰ ਦੀ Financing
- Low Down payment/Flexible Terms
- Large Inventory of New Trucks & Trailers
- Quick Approvals
- Honest Service
- Best Rate in Town
- Offices all over Canada

For more Information Contact
Rajdeep: 647.707.4167
Office: 905.678.2424

• Insurance •
Punjab Insurance Inc
- Super Visa Insurance
- Life Insurance
- Disability Insurance
- Critical illness Insurance
- Mortgage Insurance
- RRSP (Retirement Plan)
- RESP (Education Plan)
- Visitor Insurance
- Health and Dental Plans..
- Travel Insurance
- Segregated Funds, TFSA

Harpinder Kaur
Insurance Advisor
416.452.7373
harpinderkaur@punjabinsurance.ca
www.punjabinsurance.ca

ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੇ ਭੋਗ

ਦਸਵੀਂ ਪਾਤਿਸਾਹੀ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸ੍ਰੀ ਮਾਛੀਵਾੜਾ ਸਾਹਿਬ ਦੀ ਧਰਤੀ'ਤੇ ਪਹੁੰਚਣ ਤੇ ਉਹਨਾਂ ਦੀ ਆਮਦ ਨੂੰ ਮੁੱਖ ਰੱਖਦਿਆਂ ਅਤੇ ਚਾਰੇ ਸਾਹਿਬਜ਼ਾਦੇ ਤੇ ਮਾਤਾ ਗੁਜਰ ਕੌਰ ਜੀ ਅਤੇ ਸਭਾ ਵਿੱਚ ਸ਼ਹੀਦ ਹੋਏ ਸਾਰੇ ਸਿੰਘਾਂ ਤੇ ਸਿੰਘਣੀਆਂ ਨੂੰ ਸਮਰਪਿਤ ਪਿਛਲੇ ਸਾਲਾਂ ਦੀ ਤਰ੍ਹਾਂ ਸ੍ਰੀ ਮਾਛੀਵਾੜਾ ਸਾਹਿਬ ਇਲਾਕਾ ਨਿਵਾਸੀਆਂ ਵਲੋਂ ਸ੍ਰੀ ਅਖੰਡ ਪਾਠ ਸਾਹਿਬ ਜੀ ਦੀ ਸੇਵਾ ਕੀਤੀ ਜਾ ਰਹੀ ਹੈ। ਇਸ ਸਬੰਧ ਵਿਚ ਮਾਲਟਨ ਗੁਰੂ ਘਰ ਵਿਖੇ ਮਿਤੀ 23 ਦਸੰਬਰ ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਸਾਹਿਬ ਆਰੰਭ ਹੋਣਗੇ ਜਿਹਨਾਂ ਦੇ ਭੋਗ 25 ਦਸੰਬਰ ਦਿਨ ਮੰਗਲਵਾਰ ਨੂੰ ਮੇਨ ਹਾਲ ਵਿੱਚ ਪਾਏ ਜਾਣਗੇ। ਕਿਰਪਾ ਕਰਕੇ ਸਭ ਸੰਗਤਾਂ ਨੂੰ ਬੇਨਤੀ ਹੈ ਕਿ ਤਿੰਨ ਦਿਨ ਗੁਰੂ ਘਰ ਦੀਆਂ ਹਾਜਰੀਆਂ ਭਰ ਕੇ ਆਪਣਾ ਜੀਵਨ ਸਫਲਾ ਕਰੋ ਜੀ।

ਹੋਰ ਜਾਣਕਾਰੀ ਲਈ ਗੁਰਪ੍ਰੀਤ ਸਿੰਘ ਗੜ੍ਹੀ- 647-207-1887, ਸਤਪਾਲ ਸਿੰਘ ਗਰੇਵਾਲ ਨੂੰ 519-405-0075, ਜਸਵੰਤ ਸਿੰਘ ਰਜ਼ੂਲ 647-856-9612, ਉਜਾਗਰ ਸਿੰਘ ਗਿੱਲ 647-203-4090, ਕਾਕਾ ਸਿੰਘ ਤੱਖਰਾ 905-458-6446,ਅਜੀਤ ਸਿੰਘ ਓਰਨਾ 647-308-0360, ਇੰਦਰਜੀਤ ਸਿੰਘ ਗਿੱਲ 416-918-9459 ਨੂੰ ਸੰਪਰਕ ਕਰੋ ਜੀ।

BANKRUPTCY, PROPOSAL, R9........
no problem!
we will fix your credit
TNG SUNRISE SERVICES INC.
Tarun Genda(Kumar)
Tel:905-781-5292
Cell: 416-305-1290
TNG
PROVIDE:
Mortgage, Refinancing, 1st, 2nd, 3rd, Mortgage.
Residential Variable & Fixed Rates,
Personal loans & Line of Credit
Private Funding on Car, Gold & Property
CREDIT REPAIR:
Fix your Credit, Bankruptcy, Proposal, Collections, R-9 and Late payments.
CREDIT CONSULTING:
We do Settlement, Filling Bankruptcy & Proposals
ACCOUNTING:
Tax File get Maximum refund for personal & Bussiness
email: tngservices1@hotmail.com
Golden gate plaza
100 Pertosa Drive, Suite 211
Brampton, ON. L6X 0H9

# ਰੂਸ ਵਿੱਚ ਅੱਗ ਨਾਲ ਛੇ ਬੱਚਿਆਂ ਸਮੇਤ 10 ਲੋਕਾਂ ਦੀ ਮੌਤ



ਮਾਸਕੋ, 17 ਦਸੰਬਰ (ਪੋਸਟ ਬਿਊਰੋ)- ਸੋਮਵਾਰ ਦੇ ਦਿਨ ਰੂਸ ਦੇ ਵੱਖ-ਵੱਖ ਸ਼ਹਿਰਾਂ 'ਚ ਘਰਾਂ ਵਿੱਚ ਲੱਗੀ ਅੱਗ ਦੀਆਂ ਘਟਨਾਵਾਂ 'ਚ ਛੇ ਬੱਚਿਆਂ ਸਮੇਤ 10 ਲੋਕਾਂ ਦੀ ਮੌਤ ਹੋ ਗਈ।

ਇਸ ਸੰਬੰਧ ਵਿੱਚ ਰੂਸ ਦੇ ਮੀਡੀਆ ਵਿੱਚ ਆਈਆਂ ਖਬਰਾਂ ਮੁਤਾਬਕ ਦੱਖਮੀ ਉਰਾਲ ਪਹਾੜੀ ਖੇਤਰ ਵਿਚਲੇ ਪਿੰਡ ਬਾਸ਼ਕੋਤ੍ਰੋਸਤਾਨ ਵਿੱਚ ਇੱਕ ਘਰ 'ਚ ਅੱਗ ਲੱਗਣ ਨਾਲ ਘੱਟੋ-ਘੱਟ ਤਿੰਨ ਬੱਚਿਆਂ ਦੀ ਮੌਤ ਹੋ ਗਈ। ਇਨ੍ਹਾਂ ਵਿੱਚੋਂ ਇੱਕ ਦੀ ਉਮਰ ਦੋ ਸਾਲ ਅਤੇ ਦੋਂਹ ਦੀ ਉਮਰ ਚਾਰ ਸਾਲ ਸੀ। ਘਟਨਾ ਵੇਲੇ ਇਹ ਤਿੰਨੇ ਘਰ ਵਿੱਚ ਇਕੱਲੇ ਸਨ। ਇੱਕ ਹੋਰ ਖਬਰ ਮੁਤਾਬਕ ਦੱਖਣੀ ਸਰਾਤੋਵ ਇਲਾਕੇ ਦੇ ਕ੍ਰਾਸਨੀ ਕੁੱਟ ਪਿੰਡ ਵਿੱਚ ਕੱਲ੍ਹ ਇੱਕ ਘਰ 'ਚ ਅੱਗ ਦੀ ਘਟਨਾ ਵਿੱਚ ਦੋ ਹੋਰ ਬੱਚਿਆਂ ਦੀ ਮੌਤ ਹੋ ਗਈ। ਇਸ ਦੌਰਾਨ ਕੇਂਦਰੀ ਰੂਸ ਦੇ ਗਣਰਾਜ ਤਾਤਾਰਸਤਾਨ ਦੇ ਐਮਰਜੈਂਸੀ ਸਥਿਤੀ ਮੰਤਰਾਲਾ ਨੇ ਜਾਣਕਾਰੀ ਦਿੱਤੀ ਕਿ ਕਜਾਨ ਸ਼ਹਿਰ ਵਿੱਚ ਕੱਲ੍ਹ ਇੱਕ ਘਰ ਵਿੱਚ ਅੱਗ ਲੱਗਣ ਨਾਲ ਇੱਕ ਬੱਚੇ ਸਮੇਤ ਦੋ ਵਿਅਕਤੀਆਂ ਦੀ ਮੌਤ ਹੋ ਗਈ। ਇਸੇ ਤਰ੍ਹਾਂ ਮਾਸਕੋ ਦੇ ਪੇਰੇਸਵੇਟ 'ਚ ਕੱਲ੍ਹ ਅੱਗ ਲੱਗਣ ਨਾਲ ਦੋ ਬਾਲਗਾਂ ਦੀ ਮੌਤ ਹੋ ਗਈ ਤੇ ਤਿੰਨ ਬੱਚੇ ਜ਼ਖਮੀ ਹੋ ਗਏ।

# ਟਰੰਪ ਦੇ ਸਿਆਸੀ ਤੇ ਨਿੱਜੀ ਜੀਵਨ ਦਾ ਲਗਭਗ ਹਰ ਪਹਿਲੂ ਜਾਂਚ ਦੇ ਘੇਰੇ ਵਿੱਚ

ਵਾਸ਼ਿੰਗਟਨ, 17 ਦਸੰਬਰ (ਪੋਸਟ ਬਿਊਰੋ)- ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸਿਆਸੀ ਤੇ ਨਿੱਜੀ ਜੀਵਨ ਦਾ ਹਰ ਪਹਿਲੂ ਜਾਂਚ ਦੇ ਘੇਰੇ ਵਿੱਚ ਹੈ। ਟਰੰਪ ਵ੍ਹਾਈਟ ਹਾਊਸ, ਪ੍ਰਚਾਰ ਮੁਹਿਮ ਅਤੇ ਸੱਤਾ ਤਬਾਦਲੇ ਤੋਂ ਲੈ ਕੇ ਚੈਰਿਟੀ ਅਤੇ ਕਾਰੋਬਾਰ ਤੱਕ ਦੀ ਜਾਂਚ ਵਿੱਚ ਉਲਝੇ ਹੋਏ ਹਨ।



ਟਰੰਪ ਦੇ ਰਾਜ ਦੇ ਦੋ ਸਾਲ ਤੋਂ ਵੀ ਘੱਟ ਸਮੇਂ ਵਿੱਚ ਉਨ੍ਹਾਂ ਦੇ ਕਾਰੋਬਾਰੀ ਸਹਿਯੋਗੀਆਂ, ਸਿਆਸੀ ਸਲਾਹਕਾਰਾਂ ਤੇ ਪਰਵਾਰ ਦੇ ਮੈਂਬਰਾਂ ਦੀ ਜਾਂਚ ਕੀਤੀ ਜਾ ਰਹੀ ਹੇ। ਉਨ੍ਹਾਂ ਦੇ ਸਵਰਗੀ ਪਿਤਾ ਦੇ ਉਦਯੋਗ ਦੀ ਵੀ ਜਾਂਚ ਹੋ ਰਹੀ ਹੈ। ਟਰੰਪ ਪ੍ਰਸ਼ਾਸਨ ਵਿੱਚ ਗ੍ਰਹਿ ਮੰਤਰੀ ਰਯਾਨ ਜਿੰਕੇ ਇਸ ਸ਼ੁੱਕਰਵਾਰ ਨੂੰ ਚੌਥੇ ਕੈਬਨਿਟ ਮੰਤਰੀ ਰਹੇ, ਜਿਨ੍ਹਾਂ ਨੇ ਅਹੁਦਾ ਛੱਡਣ ਦਾ ਐਲਾਨ ਕੀਤਾ। ਅਹੁਦੇ 'ਤੇ ਰਹਿੰਦਿਆਂ ਉਨ੍ਹਾਂ ਦੇ ਕੰਮਾਂ ਬਾਰੇ 17 ਕੇਸਾਂ ਦੀ ਜਾਂਚ ਚੱਲ ਰਹੀ ਹੈ। ਡੋਨਾਡਲ ਟਰੰਪ ਦੇ ਖਿਲਾਫ ਕੇਸਾਂ ਦੀ ਜਾਂਚ ਅਗਲੇ ਸਾਲ ਰਫਤਾਰ ਫੜ ਸਕਦੀ ਹੈ, ਜਦੋਂ ਡੈਮੋਕ੍ਰੇਟਸ ਦਾ ਸਦਨ 'ਤੇ ਕੰਟਰੋਲ ਵਧਣ ਦੀ ਸੰਭਾਵਨਾ ਹੈ। ਉਂਜ ਟਰੰਪ ਨੇ ਇਨ੍ਹਾਂ ਜਾਂਚਾਂ ਨੂੰ ਸਿਆ-ਸਤ ਤੋਂ ਪ੍ਰੇਰਿਤ ਦੱਸ ਕੇ ਰੱਦ ਕੀਤਾ ਹੈ ਅਤੇ ਉਨ੍ਹਾਂ ਦੇ ਟਵਿੱਟਰ ਅਕਾਊਂਟ 'ਤੇ ਆਏ ਦਿਨ ਇਸ ਬਾਰੇ ਉਨ੍ਹਾਂ ਦਾ ਗੁੱਸਾ ਦਿਖਾਈ ਦਿੰਦਾ ਹੈ। ਆਪਣੇ ਰਾਜ ਦੇ ਲਗਭਗ ਅੱਧੇ ਦੌਰ ਵਿੱਚ ਟਰੰਪ ਆਪਣੇ ਅਹਿਮ ਚੋਣ ਵਾਅਦਿਆਂ ਨੂੰ ਪੂਰਾ ਕਰਨ ਲਈ ਸੰਘਰਸ਼ ਕਰ ਰਹੇ ਹਨ। ਉਹ ਮੈਕਸੀਕੋ ਨਾਲ ਲੱਗਦੀ ਸਰਹੱਦ 'ਤੇ ਕੰਧ ਬਣਾਉਣ ਲਈ ਪੰਜ ਅਰਬ ਡਾਲਰ ਚਾਹੁੰਦੇ ਹਨ, ਪਰ ਰਿਪਬਲੀਕਨ ਦੀ ਅਗਵਾਈ ਵਾਲੀ ਕਾਂਗਰਸ ਵੱਲੋਂ ਇਹ ਰਾਸ਼ੀ ਦਿੱਤੇ ਬਿਨਾਂ ਹੀ ਉਨ੍ਹਾਂ ਦਾ ਸਾਲ ਖਤਮ ਹੋ ਜਾਵੇਗਾ। ਅਮਰੀਕੀ ਰਾਸ਼ਟਰਪਤੀ ਦੇ ਖਿਲਾਫ ਕੇਸਾਂ ਵਿੱਚ ਰਾਬਰਟ ਮੂਲਰ ਜਾਂਚ, ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਰੂਸੀ ਦਖਲ, ਟਰੰਪ ਦੀਆਂ ਪ੍ਰੇਮਿਕਾਵਾਂ ਨੂੰ ਪੈਸੇ ਦੇਣ ਨਾਲ ਜੁੜਦਾ ਮਾਮਲਾ ਅਤੇ ਟਰੰਪ ਦੀ ਉਦਘਾਟਨ ਕਮੇਟੀ ਦੇ ਵਿੱਤ ਅਤੇ ਕੰਮਾਂ ਦੀ ਜਾਂਚ ਸ਼ਾਮਲ ਹੈ। ਇਹ ਜਾਂਚ ਰਾਸ਼ਟਰਪਤੀ, ਟਰੰਪ ਦੇ ਪਰਵਾਰ ਅਤੇ ਉਨ੍ਹਾਂ ਦੇ ਕਾਰੋਬਾਰੀ ਹਿੱਤਾਂ ਲਈ ਖਤਰਾ ਹੈ। ਡੈਮੋਕ੍ਰੇਟਸ ਦੇ ਸਦਨ 'ਤੇ ਕੰਟਰੋਲ ਤੋਂ ਬਾਅਦ ਇਹ ਖਤਰਾ ਹੋਰ ਵਧੇਗਾ ਉਹ ਆਪਣੇ ਤੌਂ ਜਾਂਚ ਸ਼ੁਰੂ ਕਰ ਸਕਦੇ ਹਨ ਅਤੇ ਮਹਾਦੋਸ਼ ਲਿਆਉਣ 'ਤੇ ਵਿਚਾਰ ਕਰ ਸਕਦੇ ਹਨ। ਜੇ ਟਰੰਪ ਮਹਾਦੋਸ਼ ਤੋਂ ਬਚ ਵੀ ਜਾਂਦੇ ਹਨ ਤਾਂ ਡੈਮੋਕ੍ਰੇਟਸ ਦੀ ਜਾਂਚ ਉਨ੍ਹਾਂ ਲਈ ਸਿਰਦਰਦ ਬਣੇਗੀ।

# ਪੇਸ਼ਾਵਰ ਵਿੱਚ ਹਮਲਾ ਕਰਨ ਵਾਲੇ 15 ਅੱਤਵਾਦੀਆਂ ਨੂੰ ਮੌਤ ਦੀ ਸਜ਼ਾ ਮਿਲੀ

ਪੇਸ਼ਾਵਰ, 17 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨੀ ਫੌਜ ਦੇ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੇ ਕੱਲ੍ਹ ਉਨ੍ਹਾਂ 15 ਅੱਤਵਾਦੀਆਂ ਨੂੰ ਮਿਲੀ ਮੌਤ ਦੀ ਸਜ਼ਾ ਦੀ ਪੁਸ਼ਟੀ ਕੀਤੀ, ਜਿਹੜੇ ਆਮ ਨਾਗਰਿਕਾਂ ਦੀ ਹੱਤਿਆ ਤੇ ਪੇਸ਼ਾਵਰ ਵਿੱਚ ਸਾਲ 2016 ਵਿੱਚ ਈਸਾਈ ਕਲੋਨੀ ਵਿੱਚ ਆਤਮਘਾਤੀ ਹਮਲਿਆਂ ਵਿੱਚ ਸ਼ਾਮਲ ਸਨ।



ਫੌਜ ਦੀ ਮੀਡੀਆ ਸੈੱਲ ਇੰਟਰ ਸਰਵਿਸਿਜ਼ ਪਬਲਿਕ ਰਿਲੇਸ਼ਨਜ਼ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਜਨਰਲ ਬਾਜਵਾ ਨੇ 15 ਅੱਤਵਾਦੀਆਂ ਨੂੰ ਮਿਲੀ ਮੌਤ ਦੀ ਸਜ਼ਾ ਦੀ ਪੁਸ਼ਟੀ ਕਰ ਦਿੱਤੀ ਹੈ, ਜੋ ਅੱਤਵਾਦ ਨਾਲ ਸੰਬੰਧਤ ਘਿਨਾਉਣੇ ਅਪਰਾਧਾਂ ਵਿੱਚ ਸ਼ਾਮਲ ਸਨ। ਇਸ ਬਿਆਨ ਵਿੱਚ ਕਿਹਾ ਗਿਆ ਹੈ ਕਿ ਅੱਤਵਾਦੀਆਂ ਨੂੰ ਹਥਿਆਰਬੰਦ ਬਲਾਂ, ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਉੱਤੇ ਹਮਲਾ ਕਰਨ, ਪੇਸ਼ਾਵਰ ਨੇੜੇ ਈਸਾਈ ਕਲੋਨੀ 'ਤੇ ਹਮਲੇ ਵਿੱਚ ਸ਼ਾਮਲ ਆਤਮਘਾਤੀ ਹਮਲਾਵਰਾਂ ਨੂੰ ਉਕਸਾਉਣ, ਵਿ-ਦਅਕ ਸੰਸਥਾਵਾਂ ਨੂੰ ਤਬਾਹ ਕਰਨ ਅਤੇ ਬੇਕਸੂਰ ਨਾਗਰਿਕਾਂ ਦੀ ਹੱਤਿਆ ਦੇ ਜੁਰਮ ਵਿੱਚ ਸਜ਼ਾ ਦਿੱਤੀ ਗਈ ਹੈ। ਬਿਆਨ ਵਿੱਚ ਕਿਹਾ ਗਿਆ ਹੈ ਕਿ ਪਾਬੰਦੀਸ਼ੁਦਾ ਸੰਗਠਨ ਦੇ ਮੈਂਬਰ ਇਬਰਾਰ ਨੇ ਪੇਸ਼ਾਵਰ ਨੇੜੇ ਕਲੋਨੀ 'ਤੇ ਹਮਲਾ ਕਰਨ ਲਈ ਆਤਮਘਾਤੀ ਹਮਲਾਵਰਾਂ ਨੂੰ ਉਕਸਾ ਕੇ ਉਨ੍ਹਾਂ ਨੂੰ ਹਥਿਆਰ, ਆਤਮਘਾਤੀ ਜੈਕੇਟ ਅਤੇ ਵਾਹਨ ਹਾਸਲ ਕਰਾਏ। ਦੋਸ਼ੀਆਂ ਨੇ ਆਪਣਾ ਜੁਰਮ ਕਬੂਲ ਕਰ ਲਿਆ ਅਤੇ ਉਨ੍ਹਾਂ ਨੂੰ ਮੌਤ ਦੀ ਸਜ਼ਾ ਦਿੱਤੀ ਗਈ ਹੈ। ਇਸ ਬਿਆਨ ਮੁਤਾਬਕ ਦੋਸ਼ੀਆਂ ਦੀ ਅੱਤਵਾਦੀ ਗਤੀਵਿਧੀਆਂ ਕਾਰਨ 34 ਲੋਕਾਂ ਦੀ ਮੌਤ ਹੋਈ। ਉਨ੍ਹਾਂ ਕੋਲੋਂ ਹਥਿਆਰ ਅਤੇ ਵਿਸਫੋਟਕ ਸਮੱਗਰੀ ਵੀ ਬਰਾਮਦ ਹੋਈ।

# ਵੀਡੀਓ ਨੇ ਅੱਤਵਾਦੀਆਂ ਨੂੰ ਬਚਾਉਣ ਦੀ ਕੋਸ਼ਿਸ਼ ਕਰ ਰਹੇ ਮੰਤਰੀ ਦੀ ਪੋਲ ਖੋਲ੍ਹੀ

ਲਾਹੌਰ, 17 ਦਸੰਬਰ (ਪੋਸਟ ਬਿਊਰੋ)- ਪਾਕਿਸਤਾਨ ਵਿੱਚੋਂ ਲੀਕ ਹੋਈ ਇਕ ਵੀਡੀਓ ਨੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਅੱਤਵਾਦ ਨਾਲ ਨਿਪਟਣ ਵੱਲ ਗੰਭੀਰਤਾ ਦੀ ਪੋਲ ਖੋਲ ਦਿੱਤੀ ਹੈ। ਇਸ 'ਚ ਇਮ-ਰਾਨ ਦੇ ਇਕ ਮੰਤਰੀ ਮੁੰਬਈ ਹਮ-ਲਿਆਂ ਦੇ ਮਾਸਟਰ ਮਾਈਂਡ ਹਾਫਿਜ਼ ਸਈਦ ਤੇ ਉਸ ਦੀ ਪਾਰਟੀ ਨੂੰ ਬਚਾਉਣ ਦੀ ਗੱਲ ਕਰ ਰਹੇ ਹਨ।

ਮਿਲੀ ਜਾਣਕਾਰੀ ਅਨੁਸਾਰ ਲੀਕ ਹੋਏ ਵੀਡੀਓ ਵਿੱਚ ਗ੍ਰਹਿ ਮੰਤਰੀ ਸ਼ਹਰਯਾਰ ਆਫਰੀਦੀ ਮਿੱਲੀ ਮੁਸਲਿਮ ਲੀਗ ਦੇ ਨੇਤਾਵਾਂ ਨਾਲ ਗੱਲ ਕਰ ਰਹੇ ਹਨ ਤੇ ਜਦੋਂ ਉਨ੍ਹਾਂ ਦਾ ਧਿਆਨ ਅਮਰੀਕੀ ਦਬਾਅ ਦੇ ਚੱਲਦੇ ਪਾਕਿਸਤਾਨੀ ਚੋਣ ਕਮਿਸ਼ਨ ਵਲੋਂ ਸਈਦ ਦੀ ਪਾਰਟੀ ਦਾ ਇਕ ਸਿਆਸੀ ਪਾਰਟੀ ਵਜੋਂ ਰਜਿਸਟ੍ਰੇਸ਼ਨ ਨਾ ਕਰਨ ਅਤੇ ਪਾਰਟੀ ਨੂੰ ਅੱਤਵਾਦੀ ਸੰਗਠਨ ਐਲਾਨ ਕਰਨ ਵੱਲ ਦਿਵ-ਾਇਆ ਗਿਆ ਤਾਂ ਉਨ੍ਹਾਂ ਕਿਹਾ ਕਿ ਅਸੀਂ ਇਹ ਨਹੀਂ ਹੋਣ ਦੇਵਾਂਗੇ। ਅਫਰੀਦੀ ਵੀਡੀਓ 'ਚ ਕਹਿ ਰਹੇ ਹਨ ਕਿ ਜਦੋਂ ਤੱਕ ਸਾਡੀ ਸਰਕਾਰ ਸੱਤਾ 'ਚ ਹੈ, ਹਾਫਿਜ਼ ਸਣੇ ਸਾਰੇ ਉਹ ਲੋਕ, ਜੋ ਪਾਕਿਸਤਾਨ ਲਈ ਆਵਾਜ਼ ਚੁੱਕ ਰਹੇ ਹਨ, ਅਸੀਂ ਉਨ੍ਹਾਂ ਦੇ ਨਾਲ ਹਾਂ। ਵਰਨਣ ਯੋਗ ਹੈ ਕਿ 2008 'ਚ ਹੋਏ ਮੁੰਬਈ ਅੱਤਵਾਦੀ ਹਮਲੇ ਤੋਂ ਬਾਅਦ ਹਾਫਿਜ਼ ਸਈਦ ਨੂੰ ਅਮਰੀਕਾ ਅਤੇ ਯੂ ਐੱਨ ਓ ਨੇ ਗਲੋਬਲ ਅੱਤਵਾਦੀ ਐਲਾਨ ਕਰ ਦਿੱਤਾ ਸੀ ਤੇ ਨਵੰਬਰ 2008 'ਚ ਉਸ ਨੂੰ ਨਜ਼ਰਬੰਦ ਕਰ ਦਿੱਤਾ ਸੀ, ਪਰ ਕੁਝ ਮਹੀਨਿਆਂ ਬਾਅਦ ਉਸ ਨੂੰ ਇਕ ਅਦਾਲਤ ਨੇ ਰਿਹਾਅ ਕਰ ਦਿੱਤਾ ਸੀ। ਅੱਤਵਾਦੀ ਗਤੀਵਿਧੀਆਂ 'ਚ ਉਸ ਦੀ ਭੂਮਿਕਾ ਲਈ ਸਈਦ ਦੇ ਸਿਰ 'ਤੇ ਇਕ ਕਰੋੜ ਅਮਰੀਕੀ ਡਾਲਰ ਦਾ ਇਨਾਮ ਹੈ। ਲੀਕ ਹੋਏ ਵੀਡੀਓ 'ਚ ਮਿਲੀ ਮੁਸਲਿਮ ਲੀਗ ਦੇ ਇਕ ਨੇਤਾ ਨੇ ਕਿਹਾ ਕਿ ਹਾਈ ਕੋਰਟ ਨੇ ਪਾਕਿਸਤਾਨ ਚੋਣ ਕਮਿਸ਼ਨ ਨੂੰ ਹੁਕਮ ਦੇ ਦਿੱਤਾ ਸੀ ਕਿ ਉਹ ਇਸ ਨੂੰ ਸਿਆਸੀ ਪਾਰਟੀ ਦਾ ਦਰਜਾ ਦੇਵੇ, ਪਰ ਉਨ੍ਹਾਂ ਨੇ ਇਹ ਕਹਿ ਕੇ ਰੋਕ ਦਿੱਤਾ ਕਿ ਅਮਰੀਕਾ ਨੇ ਇਸ ਨੂੰ ਅੱਤਵਾਦੀ ਸੰਗਠਨ ਐਲਾਨ ਕੀਤਾ ਹੋਇਆ ਹੈ।

# ਡੋਨਾਲਡ ਟਰੰਪ ਨੇ ਆਪਣੇ ਸਾਬਕਾ ਵਕੀਲ ਨੂੰ 'ਚੂਹਾ' ਕਹਿ ਦਿੱਤਾ

ਵਾਸ਼ਿੰਗਟਨ, 17 ਦਸੰਬਰ (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਟਵੀਟ ਕਰਕੇ ਆਪਣੇ ਸਾਬਕਾ ਨਿੱਜੀ ਵਕੀਲ ਮਾਈਕਲ ਕੋਹੇਨ ਨੂੰ 'ਚੂਹਾ' ਕਿਹਾ ਹੈ। ਕੋਹੇਨ ਨੂੰ ਰਾਸ਼ਟਰਪਤੀ ਚੋਣਾਂ ਵਿੱਚ ਰੂਸ ਦੇ ਦਖਲ ਬਾਰੇ ਜਾਂਚ ਸਣੇ ਕਈ ਮਾਮਲਿਆਂ ਵਿੱਚ ਤਿੰਨ ਸਾਲ ਦੀ ਜੇਲ ਦੀ ਸਜ਼ਾ ਸੁਣਾਈ ਗਈ ਹੈ।

ਟਰੰਪ ਨੇ ਐਤਵਾਰ ਨੂੰ ਟਵੀਟ ਕਰ ਕੇ ਕਿਹਾ ਕਿ ਐੱਫ ਬੀ ਆਈ ਵਲੋਂ ਕੁਝ ਅਜਿਹਾ ਕਰਨ ਪਿੱਛੋਂ, ਜਿਸ ਦੇ ਬਾਰੇ ਕੁਝ ਸੋਚਿਆ ਨਹੀਂ ਗਿਆ ਸੀ ਤੇ ਕਦੀ ਸੁਣਿਆ ਨਹੀਂ ਗਿਆ, ਮਾਈਕਲ ਕੋਹੇਨ ਸਿਰਫ ਚੂਹੇ ਬਣ ਕੇ ਰਹਿ ਗਏ। 'ਰੈਟ' ਸ਼ਬਦ ਦੀ ਵਰਤੋਂ ਰਸਮੀ ਤੌਰ ਉੱਤੇ ਸੰਗਠਿਤ ਅਪਰਾਧ 'ਚ ਕੀਤੀ ਜਾਂਦੀ ਹੈ, ਕਿਸੇ ਵਿਅਕਤੀ ਬਾਰੇ, ਜਿਸ ਨੇ ਪ੍ਰਸ਼ਾਸਨ ਕੋਲ ਜੁਰਮ ਸਵੀਕਾਰ ਕਰ ਲਿਆ ਹੋਵੇ ਅਤੇ ਕਾਨੂੰਨ ਅਧਿਕਾਰੀਆਂ ਨੂੰ ਸੰਗਠਨ ਬਾਰੇ ਅੰਦਰੂਨੀ ਜਾਣਕਾਰੀ ਦਿੱਤੀ ਹੋਵੇ।

# ਪਹਿਲਾਂ ਟਰੰਪ ਨੂੰ 'ਈਡੀਅਟ' ਅਤੇ ਫਿਰ ਇਮਰਾਨ ਨੂੰ 'ਭਿਖਾਰੀ' ਦੱਸੀ ਜਾ ਰਿਹੈ ਗੂਗਲ




ਇਸਲਾਮਾਬਾਦ, 17 ਦਸੰਬਰ (ਪੋਸਟ ਬਿਊਰੋ)- ਇਨ੍ਹੀਂ ਦਿਨੀਂ ਗੂਗਲ ਦਾ ਸਰਚ ਇੰਜਣ ਚਰਚਾ ਵਿੱਚ ਆਇਆ ਪਿਆ ਹੈ। ਪਿਛਲੇ ਦਿਨੀਂ ਗੂਗਲ ਉੱਤੇ 'ਈਡੀਅਟ' ਸਰਚ ਕਰਨ ਉੱਤੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਤਸਵੀਰ ਦਿਖਾਈ ਦੇਂਦੀ ਸੀ ਤੇ ਅੱਜ ਕੱਲ੍ਹ ਗੂਗਲ ਪ੍ਰਧਾਨ ਮੰਤਰੀ ਇਮਰਾਨ ਖਾਨ ਨੂੰ 'ਭਿਖਾਰੀ' ਦੱਸ ਰਿਹਾ ਹੈ।

ਪਾਕਿਸਤਾਨ ਦੀ ਲੀਹੋਂ ਲੱਥੀ ਪਈ ਅਰਥ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਦੇ ਲਈ ਪਾਕਿਸਤਾਨ ਕਰਜ਼ਾ ਲੈਣ ਦੀ ਕੋਸ਼ਿਸ਼ ਵਿੱਚ ਹੈ। ਇਹੀ ਕਾਰਨ ਹੈ ਕਿ ਅੱਜ ਕੱਲ੍ਹ ਸੋਸ਼ਲ ਮੀਡੀਆ ਉੱਤੇ ਇਸ ਗੱਲ ਤੋਂ ਇਮ-ਰਾਨ ਖਾਨ ਦੇ ਕਾਫੀ ਮੀਮਸ ਬਣਾਏ ਜਾ ਰਹੇ ਹਨ। ਇਸ ਬਾਰੇ ਪਾਕਿਸਤਾਨ ਦੇ ਪੰਜਾਬ ਸੂਬੇ ਦੀ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਗਿਆ ਹੈ ਅਤੇ ਇਸ ਮਤੇ ਵਿੱਚ ਗੂਗਲ ਦੇ ਸੀ ਈ ਓ ਨੂੰ ਸੰਮਣ ਭੇਜਣ ਦੀ ਗੱਲ ਕਹੀ ਗਈ ਹੈ। ਅਸਲ ਵਿੱਚ ਪੰਜਾਬ ਵਿਧਾਨ ਸਭਾ ਵਿੱਚ ਮਤਾ ਪੇਸ਼ ਕੀਤਾ ਗਿਆ ਹੈ, ਜਿਸ ਵਿੱਚ ਗੂਗਲ ਦੇ ਸੀ ਈ ਓ ਨੂੰ ਸੰਮਣ ਭੇਜ ਕੇ ਪੁੱਛਿਆ ਗਿਆ ਹੈ ਕਿ ਸਰਚ ਇੰਜਨ ਵਿੱਚ 'ਭਿਖਾਰੀ' ਸ਼ਬਦ ਸਰਚ ਕਰਨ ਉੱਤੇ ਪ੍ਰਧਾਨ ਮੰਤਰੀ ਇਮਰਾਨ ਖਾਨ ਦੀ ਫੋਟੋ ਸਾਹਮਣੇ ਕਿਉਂ ਆਉਂਦੀ ਹੈ। ਪਾਕਿਸਤਾਨ ਦੀ ਇਕ ਪੱਤਰਕਾਰ ਏਜੰਸੀ ਨੇ ਇਮਰਾਨ ਖਾਨ ਅਤੇ ਇਸ ਮਤੇ ਦੀ ਤਸਵੀਰ ਸੋਸ਼ਲ ਮੀਡੀਆ ਉੱਤੇ ਸ਼ੇਅਰ ਕੀਤੀ ਹੈ। ਪਾਕਿਸਤਾਨ ਅੱਜ ਕੱਲ੍ਹ ਗੰਭੀਰ ਆਰਥਿਕ ਸੰਕਟ ਵਿੱਚੋਂ ਲੰਘ ਰਿਹਾ ਹੈ। ਹਾਲਤ ਇਹ ਹੈ ਕਿ ਇਸ ਦਾ ਵਿਦੇਸ਼ੀ ਕਰੰਸੀ ਭੰਡਾਰ ਬਹੁਤ ਘੱਟ ਗਿਆ ਹੈ ਅਤੇ ਅਰਥ ਵਿਵਸਥਾ ਨੂੰ ਸੁਚਾਰੂ ਢੰਗ ਨਾਲ ਚਲਾਉਣ ਲਈ ਕਰਜ਼ਾ ਲੈਣ ਦੀ ਕੋਸ਼ਿਸ਼ ਹੋ ਰਹੀ ਹੈ ਤੇ ਇਸੇ ਕਾਰਨ ਸੋਸ਼ਲ ਮੀਡੀਆ 'ਤੇ ਇਮਰਾਨ ਖਾਨ ਦੇ ਕਾਫੀ ਮੀਮਸ ਬਣਾਏ ਜਾ ਰਹੇ ਹਨ।

ਪਿਛਲੇ ਦਿਨੀਂ ਇਮਰਾਨ ਖਾਨ ਨੇ ਕਰਜ਼ੇ ਵਾਸਤੇ ਕਈ ਦੇਸ਼ਾਂ ਦਾ ਦੌਰਾ ਕੀਤਾ ਸੀ, ਜਿਸ 'ਚ ਸਾਊਦੀ ਅਰਬ, ਚੀਨ ਦਾ ਨਾਂ ਵੀ ਸ਼ਾਮਲ ਹੈ। ਸਾਊਦੀ ਅਰਬ ਨੇ ਪਾਕਿਸਤਾਨ ਨੂੰ 6 ਅਰਬ ਡਾਲਰ ਕਰਜ਼ਾ ਦੇਣ ਦਾ ਐਲਾਨ ਕੀਤਾ ਹੈ। ਚੀਨ ਨੇ ਵੀ ਪਾਕਿਸਤਾਨ ਨੂੰ ਆਰਥਿਕ ਮਦਦ ਦਾ ਭਰੋਸਾ ਦਿੱਤਾ ਹੈ। ਇਸ ਤੋਂ ਬਿਨਾ ਪਾਕਿਸਤਾਨ ਨੇ ਕਰਜ਼ੇ ਲਈ ਆਈ ਐੱਮ ਐੱਫ ਤੱਕ ਪਹੁੰਚ ਕੀਤੀ ਸੀ। ਪਾਕਿਸਤਾਨ ਸਰਕਾਰ ਆਪਣੇ ਫਜ਼ੂਲ ਖਰਚੇ ਵੀ ਘਟਾ ਰਹੀ ਹੈ। ਪ੍ਰਧਾਨ ਮੰਤਰੀ ਬਣਨ ਦੇ ਬਾਅਦ ਇਮਰਾਨ ਖਾਨ ਨੇ ਆਪਣੇ ਸਰਕਾਰੀ ਕਾਫਿਲੇ 'ਚ ਚੱਲੀਆਂ ਕਈ ਲਗਜ਼ਰੀ ਕਾਰਾਂ ਨੂੰ ਨੀਲਾਮ ਕਰ ਦਿੱਤਾ ਸੀ।

ਪਿਛਲੇ ਦਿਨੀਂ ਗੂਗਲ ਦੇ ਸੀ ਈ ਓ ਸੁੰਦਰ ਪਿਚਾਈ ਜਦੋਂ ਅਮਰੀਕੀ ਪਾਰਲੀਮੈਂਟ ਦੇ ਮੂਹਰੇ ਪੇਸ਼ ਹੋਏ ਤਾਂ ਉਨ੍ਹਾਂ ਤੋਂ ਪੁੱਛਿਆ ਗਿਆ ਕਿ ਗੂਗਲ ਉਤੇ 'ਈਡੀਅਟ' ਲਿਖਣ ਉਤੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਫੋਟੋ ਕਿਉਂ ਆਉਂਦੀ ਹੈ। ਸੀ ਈ ਓ ਨੇ ਆਪਣੇ ਜਵਾਬ ਵਿੱਚ ਕਿਹਾ ਸੀ ਕਿ ਗੂਗਲ ਦਾ ਸਰਚ ਇੰਜਣ ਇਕ ਐਲਗੋਰਿਦਮ ਦਾ ਕੰਮ ਕਰਦਾ ਹੈ ਤੇ ਰਿਜ਼ਲਟ ਦੇਣ ਲਈ 200 ਦੇ ਕਰੀਬ ਫੈਕਟਰ ਕੰਮ ਕਰਦੇ ਹਨ, ਜਿਸ ਪਿੱਛੋਂ ਮਿਲਦਾ ਜੁਲਦਾ ਟਾਪਿਕ ਤੇ ਪਾਪੂਲੈਰਟੀ ਆਦਿ ਦੇ ਵਿਸ਼ਲੇਸ਼ਣ ਤੋਂ ਬਾਅਦ ਬੈਸਟ ਰਿਜ਼ਲਟ ਦਿਖਾਇਆ ਜਾਂਦਾ ਹੈ।

# ਮੁਸਲਿਮ ਵਿਰੋਧੀ ਪੋਸਟ ਕਾਰਨ ਫੇਸਬੁੱਕ ਨੇ ਨੇਤਨਯਾਹੂ ਦਾ ਬੇਟਾ ਬਲਾਕ ਕੀਤਾ




ਤਲ ਅਵੀਵ, 17 ਦਸੰਬਰ (ਪੋਸਟ ਬਿਊਰੋ)- ਸੋਸ਼ਲ ਮੀਡੀਆ ਫੇਸਬੁੱਕ ਨੇ ਮੁਸਲਿਮ ਵਿਰੋਧੀ ਪੋਸਟ ਲਈ ਇਜ਼ਰਾਈਲ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੇ ਬੇਟੇ ਯਾਈਰ ਦਾ ਅਕਾਊਂਟ ਐਤਵਾਰ ਨੂੰ 24 ਘੰਟੇ ਲਈ ਬਲਾਕ ਕਰ ਦਿੱਤਾ। ਫੇਸਬੁੱਕ ਦੇ ਇਸ ਕਦਮ ਦੀ ਯਾਈਰ ਨੇ ਸਖਤ ਨਿਖੇਧੀ ਕੀਤੀ ਹੈ।

ਯਾਈਰ ਨੇ ਪਿਛਲੇ ਹਫ਼ਤੇ ਵੈਸਟ ਬੈਂਕ ਇਲਾਕੇ 'ਚ ਇਜ਼ਰਾਈਲ ਦੇ ਦੋ ਫ਼ੌਜੀਆਂ ਦੀ ਹੱਤਿਆ ਤੋਂ ਬਾਅਦ ਆਪਣੇ ਫੇਸਬੁੱਕ ਪੋਸਟ ਵਿੱਚ ਫ਼ੌਜੀਆਂ ਦੀ ਹੱਤਿਆ ਦਾ ਬਦਲਾ ਲੈਣ ਅਤੇ ਸਾਰੇ ਮੁਸਲਮਾਨਾਂ ਨੂੰ ਦੇਸ਼ ਛੱਡ ਦੇਣ ਲਈ ਕਿਹਾ ਸੀ। ਫੇਸਬੁੱਕ ਨੇ ਇਸ ਪੋਸਟ ਨੂੰ ਡਿਲੀਟ ਕਰਨ ਦੇ ਨਾਲ ਉਨ੍ਹਾਂ ਦਾ ਅਕਾਊਂਟ ਵੀ ਦਿਨ ਭਰ ਲਈ ਬਲਾਕ ਕਰ ਦਿੱਤਾ। ਯਾਈਰ ਨੇ ਇਸ 'ਤੇ ਟਵੀਟ ਕੀਤਾ ਕਿ 'ਇਕ ਘਟਨਾ ਦਾ ਆਲੋਚਨਾ ਕਰਨ ਲਈ ਫੇਸਬੁੱਕ ਨੇ ਮੈਨੂੰ ਬਲਾਕ ਕਰ ਦਿੱਤਾ। ਇਹ ਤਾਨਾਸ਼ਾਹੀ ਹੈ।' ਇਕ ਹੋਰ ਟਵੀਟ 'ਚ ਉਨ੍ਹਾਂ ਲਿਖਿਆ; 'ਕੀ ਤੁਸੀਂ ਜਾਣਦੇ ਹੋ ਕਿ ਦੁਨੀਆ ਦੇ ਕਿਸ ਦੇਸ਼ 'ਚ ਕੋਈ ਅੱਤਵਾਦੀ ਹਮਲਾ ਨਹੀਂ ਹੁੰਦਾ? ਆਈਸਲੈਂਡ ਤੇ ਜਾਪਾਨ ਵਿੱਚ। ਹੈਰਾਨੀ ਦੀ ਗੱਲ ਹੈ ਕਿ ਓਥੇ ਕੋਈ ਮੁਸਲਮਾਨ ਨਹੀਂ ਹੈ।' ਉਨ੍ਹਾਂ ਨੂੰ ਬਲਾਕ ਕੀਤੇ ਜਾਣ ਉੱਤੇ ਫੇਸਬੁੱਕ ਨੇ ਕੋਈ ਟਿੱਪਣੀ ਨਹੀਂ ਕੀਤੀ। ਯਾਈਰ ਪਹਿਲਾਂ ਵੀ ਆਪਣੇ ਵਿਵਾਦਤ ਪੋਸਟ ਕਾਰਨ ਚਰਚਾ 'ਚ ਰਹੇ ਹਨ। 2017 'ਚ ਉਨ੍ਹਾਂ ਨੇ ਯਹੂਦੀ ਅਰਬਪਤੀ ਜਾਰਜ ਸੋਰੋਸ ਦਾ ਇਕ ਕਾਰਟੂਨ ਪੋਸਟ ਕੀਤਾ ਸੀ ਜਿਸ ਵਿਚ ਉਨ੍ਹਾਂ ਨੂੰ ਸੱਪ ਵਾਂਗ ਦਿਖਾਇਆ ਗਿਆ ਸੀ।

A/Z Drivers Needed/ਡਰਾਈਵਰਾਂ ਦੀ ਲੋੜ

- Team Drivers Needed Immediately
- Dedicated AutoPart Runs To Texas, Missouri, Kansas
- Permanent Schedule for whole year
- Always Go to same Shippers No Waiting at All
- Highest Pay Rate Package Plus HST
- New Model Volvo Trucks
- Paid Every Week On Friday
- 20,000 to 24,00 Miles in a Month
- Always Home At Weekends
- Can Work From Brampton, Woodstock or London

- Autoparts ਦੇ ਡੇਡੀਕੇਟਡ ਰਨ ਵਾਸਤੇ ਟੀਮ ਡਰਾਈਵਰਾਂ ਦੀ ਲੋੜ ਹੈ
- Texas, Missouri ਅਤੇ Kansas ਡੈਡੀਕੇਟਡ ਰਨ ਲਈ ਲੋੜ ਹੈ
- 2018 ਦੇ ਵੋਲਵੋ ਬਰੈਂਡ ਨੀਊ ਟਰੱਕ, ਵੀਕਐਂਡ ਹਮੇਸ਼ਾ ਘਰ
- ਹਰ ਮਹੀਨੇ 20,000 ਤੋਂ 24,000 miles ਅਤੇ Pay Every Week

"ਨਵੇਂ ਡਰਾਈਵਰ ਵੀ ਅਪਲਾਈ ਕਰ ਸਕਦੇ ਹਨ"

New Drivers Are Also Welcome, We Give Paid Training With Full Time Job

For Further Information Contact: 6476253344

Honesty, Reliability, Commitment

HomeLife SilverCity Realty Inc. Brokerage

"Open House Until Sold"

Hira Randhawa
Broker

- 1 yr Home Warranty
- Furniture & Home Appliances
- Get 40% Discount on Brand Name
- Free Evaluation & Lowest Commission

www.hirarandhawa.com | hirarandhawa@yahoo.ca

For all your Needs Call: 416.319.0551 or 905.913.8585

SAVE SAVE SAVE ....$$$$$$

Super Visa Insurance
On affordable rates, pay in installments, full refund on early cancellation.

RESP
Act immediately to get 15% Extra govt. grant of Year 2018

Visitor/Travel/Life/ Disability/Funeral Insurance

MICHELIN | Hankook | Continental | ROADLUX | BFGoodrich | AEOLUS

BEST TRUCK REPAIR & TIRE CENTRE

We also Specialize in Engine, Transmission, Differential Rebuild, Safety Inspection & All Kinds of Electric Work

ਟਰੱਕਾਂ ਦੇ ਟਾਇਰਾਂ ਤੇ ਇੰਜਣ /ਬੰਕ ਹੀਟਰ ਤੇ ਭਾਰੀ ਸੇਲ

7 ਦਿਨ ਖੁੱਲ੍ਹਾ

SPECIAL ON TRUCK ALIGNMENT | BRAND NEW MACHINES 2018

Chevron Delo

Brake & Drum -Made in U.S - On Special Sale!

Special Sale 4 CAT Batteries $550 with Installation

Special Sale on Smartway Approved Tires $245 each

www.besttruckrepairandtire.ca | Email: ranjitbesttruck@yahoo.ca

Winter Sale Dhamaka

Special OIL CHANGE Rates

1715 Sismet Rd, Mississauga | Call Ranjit: 416.624.8351 | Tel: 905.625.0055

## ਸਿਖਰ ਦੋਪਹਿਰੇ ਚੋਰਾਂ ਨੇ 17 ਤੋਲੇ ਸੋਨੇ ਦੇ ਗਹਿਣੇ ਤੇ ਹਜ਼ਾਰਾਂ ਦੀ ਨਕਦੀ ਉਡਾ ਲਈ

ਜਲੰਧਰ, 17 ਦਸੰਬਰ (ਪੋਸਟ ਬਿਊਰੋ)- ਇਸ ਮਹਾਨਗਰ ਦੇ ਕਮਿਸ਼ਨਰੇਟ ਪੁਲਸ ਦੇ ਥਾਣਾ ਸਦਰ ਦੇ ਪਿੰਡ ਰਾਏਪੁਰ-ਫਰਾਲਾ ਵਿੱਚ ਚੋਰਾਂ ਨੇ ਦਿਨ ਦਿਹਾੜੇ ਇਕ ਘੰਟੇ ਵਿੱਚ ਇਕ ਘਰ ਤੋਂ ਲੱਖਾਂ ਦੀ ਕੀਮਤ ਦੇ 17 ਤੋਲੇ ਸੋਨੇ ਦੇ ਗਹਿਣਿਆਂ ਅਤੇ ਹਜ਼ਾਰਾਂ ਦੀ ਨਕਦੀ 'ਤੇ ਹੱਥ ਸਾਫ ਕਰ ਦਿੱਤਾ ਹੈ।

ਦੁਪਹਿਰ ਦੋ ਤੋਂ ਤਿੰਨ ਵਜੇ ਦੇ ਵਿਚਾਲੇ ਹੋਈ ਦੱਸੀ ਜਾਂਦੀ ਵਾਰਦਾਤ ਬਾਰੇ ਪ੍ਰਿਥਵੀ ਸਿੰਘ ਪੁੱਤਰ ਹਰਭਜਨ ਸਿੰਘ ਨੇ ਥਾਣਾ ਸਦਰ ਦੀ ਪੁਲਸ ਨੂੰ ਦੱਸਿਆ ਤਾਂ ਏ ਐਸ ਆਈ ਮੁਖਤਿਆਰ ਸਿੰਘ ਮੌਕੇ 'ਤੇ ਪਹੁੰਚੇ। ਪ੍ਰਿਥਵੀ ਸਿੰਘ ਨੇ ਪੁਲਸ ਨੂੰ ਦੱਸਿਆ ਕਿ ਉਹ ਸਪਰੋੜ ਨੰਗਲ ਅੱਡੇ ਉੱਤੇ ਪੇਂਟ ਦੀ ਦੁਕਾਨ ਕਰਦਾ ਹੈ ਅਤੇ ਸਵੇਰੇ 11 ਵਜੇ ਕਿਸੇ ਕੰਮ ਤੋਂ ਦੁਕਾਨ ਤੋਂ ਆਪਣੇ ਪਿੰਡ ਰਾਏਪੁਰ ਫਰਾਲਾ ਗਿਆ ਸੀ। ਉਸ ਦੌਰਾਨ ਉਸ ਦੀ ਭਰਜਾਈ ਕੁਲਵਿੰਦਰ ਕੌਰ ਬੱਚਿਆਂ ਸਮੇਤ ਮੌਜੂਦ ਸੀ। ਉਸ ਨੇ ਦੱਸਿਆ ਕਿ ਉਹ ਪਿੰਡ ਵਿੱਚ ਕਿਸੇ ਦੇ ਘਰ ਚਲਿਆ ਗਿਆ। ਫਿਰ ਕੁਲਵਿੰਦਰ ਕੌਰ ਆਪਣੇ ਬੱਚਿਆਂ ਨੂੰ ਲੈ ਕੇ ਦੁਪਹਿਰ ਦੋ ਵਜੇ ਪਿੰਡ ਵਿੱਚ ਦੂਸਰੀ ਥਾਂ ਜੱਦੀ ਘਰ ਚਲੀ ਗਈ। ਉਹ ਇਕ ਘੰਟੇ ਦੇ ਬਾਅਦ ਵਾਪਸ ਪਹੁੰਚੀ ਅਤੇ ਗੇਟ ਖੋਲ੍ਹ ਕੇ ਘਰ ਦੇ ਅੰਦਰ ਗਈ ਤਾਂ ਦੇਖਿਆ ਕਿ ਦਰਵਾਜ਼ੇ ਦੇ ਤਾਲੇ ਟੁੱਟੇ ਪਏ ਸਨ ਤੇ ਅਲਮਾਰੀਆਂ ਖੁੱਲ੍ਹੀਆਂ ਪਈਆਂ ਸਨ। ਕੁਲਵਿੰਦਰ ਦੀ ਸੂਚਨਾ 'ਤੇ ਉਹ ਘਰ ਪੁੱਜਾ ਤੇ ਉਸ ਨੇ ਉਸ ਨੂੰ ਚੋਰੀ ਬਾਰੇ ਜਾਣਕਾਰੀ ਦਿੱਤੀ। ਪ੍ਰਿਥਵੀ ਸਿੰਘ ਦੇ ਮੁਤਾਬਕ ਚੋਰਾਂ ਨੇ ਕੇਵਲ ਇਕ ਘੰਟੇ ਵਿੱਚ ਵਾਰਦਾਤ ਕਰ ਦਿੱਤੀ। ਚੋਰੀ ਹੋਏ 17 ਤੋਲੇ ਸੋਨੇ ਵਿੱਚ ਦੋ ਚੇਨੀਆਂ, ਦੋ ਚੂੜੀਆਂ, ਛੇ ਅੰਗੂਠੀਆਂ, ਇਕ ਲੇਡੀਜ਼ ਸੈਟ, ਇਕ ਕੜਾ, ਇਕ ਜੋੜੀ ਕਾਂਟੇ, ਇਕ ਲੇਡੀਜ਼ ਅੰਗੂਠੀ ਸ਼ਾਮਲ ਹਨ। ਇਸ ਦੇ ਇਲਾਵਾ ਨਕਦ 7000 ਰੁਪਏ ਵੀ ਸਨ। ਪੁਲਸ ਨੇ ਥਾਣਾ ਸਦਰ ਵਿੱਚ ਕੇਸ ਦਰਜ ਕਰ ਲਿਆ ਹੈ।

## ਬੀ ਬੀ ਏ ਦੀ ਵਿਦਿਆਰਥਣ ਵੱਲੋਂ ਸ਼ੱਕੀ ਹਾਲਤ 'ਚ ਖੁਦਕੁਸ਼ੀ

ਗੁਰਾਇਆ, 17 ਦਸੰਬਰ (ਪੋਸਟ ਬਿਊਰੋ)- ਰਾਮਗੜ੍ਹੀਆ ਮੁਹੱਲਾ ਗੁਰਾਇਆ ਵਿਖੇ ਇਕ ਬੀ ਬੀ ਏ ਦੀ ਵਿਦਿਆਰਥਣ (20 ਸਾਲਾ) ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਮ੍ਰਿਤਕ ਲੜਕੀ ਦੇ ਛੋਟੇ ਭਰਾ ਹਰਿੰਦਰ ਨੇ ਕਿਹਾ ਕਿ ਉਸ ਦੀ ਭੈਣ ਵਿਜੇ ਕੁਮਾਰੀ ਪੁੱਤਰੀ ਰਾਜਵੀਰ ਬੀ ਬੀ ਏ ਦੀ ਪੜ੍ਹਾਈ ਕਰ ਰਹੀ ਸੀ। ਕੱਲ੍ਹ ਦੁਪਹਿਰ ਜਦੋਂ ਉਹ ਆਇਆ ਤਾਂ ਉਹ ਘਰ ਨਹੀਂ ਸੀ। ਉਹ ਆਪਣੀ ਭੈਣ ਦੀ ਭਾਲ ਕਰਦਾ ਬਾਜ਼ਾਰ ਚਲਾ ਗਿਆ। ਜਦੋਂ ਵਾਪਸ ਆਇਆ ਤਾਂ ਉਸ ਨੇ ਘਰ ਦੇ ਸਟੋਰ ਰੂਮ ਨੂੰ ਚੈਕ ਕੀਤਾ ਤਾਂ ਅੰਦਰੋਂ ਕੁੰਡੀ ਲੱਗੀ ਹੋਈ ਸੀ। ਜਦੋਂ ਉਸ ਨੇ ਕਾਫੀ ਜੱਦੋ ਜਹਿਦ ਕਰਕੇ ਕੁੰਡੀ ਨੂੰ ਖੋਲ੍ਹਿਆਂ ਤਾਂ ਅੰਦਰ ਗਾਰਡਰ ਨਾਲ ਉਸ ਦੀ ਭੈਣ ਦੀ ਲਾਸ਼ ਲਟਕ ਰਹੀ ਸੀ। ਉਸ ਦੇ ਰੌਲਾ ਪਾਉਣ 'ਤੇ ਉਨ੍ਹਾਂ ਦੇ ਨਾਲ ਰਹਿਣ ਵਾਲੇ ਕਿਰਾਏਦਾਰ ਆ ਗਏ, ਜਿਨ੍ਹਾਂ ਨੇ ਵਿਜੇ ਕੁਮਾਰੀ ਦੀ ਲਾਸ਼ ਨੂੰ ਉਤਾਰਿਆ। ਘਟਨਾ ਦੀ ਸੂਚਨਾ ਮਿਲਣ ਤੋਂ ਬਾਅਦ ਥਾਣਾ ਮੁਖੀ ਪਰਮਿੰਦਰ ਸਿੰਘ, ਏ ਐਸ ਆਈ ਜਗਦੀਸ਼ ਰਾਜ ਮੌਕੇ 'ਤੇ ਪੁੱਜੇ ਤੇ ਉਨ੍ਹਾਂ ਨੇ ਜਾਂਚ ਕਰਦਿਆਂ ਆਸ ਪਾਸ ਤੋਂ ਪੁੱਛਗਿੱਛ ਕੀਤੀ। ਥਾਣਾ ਮੁਖੀ ਪਰਮਿੰਦਰ ਸਿੰਘ ਨੇ ਕਿਹਾ ਕਿ ਇਹ ਪ੍ਰਵਾਸੀ ਪਰਵਾਰ ਇਥੇ ਕਾਫੀ ਸਮੇਂ ਤੋਂ ਕਿਰਾਏ 'ਤੇ ਰਹਿੰਦਾ ਹੈ। ਮ੍ਰਿਤਕਾ ਤੇ ਉਸ ਦਾ ਛੋਟਾ ਭਰਾ ਦੋਵੇਂ ਕੁਝ ਦਿਨ ਪਹਿਲਾਂ ਆਪਣੇ ਪਿੰਡ ਅਸੂਰ ਜ਼ਿਲਾ ਸੁਜਾਨਪੁਰ ਯੂ ਪੀ ਤੋਂ ਵਾਪਸ ਆਏ ਸਨ। ਇਨ੍ਹਾਂ ਦੇ ਮਾਤਾ ਪਿਤਾ ਓਥੇ ਹਨ ਤੇ ਮ੍ਰਿਤਕਾ ਦੀਆਂ ਦੋ ਵੱਡੀਆਂ ਭੈਣਾਂ ਵਿਦੇਸ਼ 'ਚ ਹਨ।

## ਮਾਲਦੀਵ ਦੇ ਸਾਬਕਾ ਰਾਸ਼ਟਰਪਤੀ ਨੇ ਭ੍ਰਿਸ਼ਟਾਚਾਰ ਬਾਰੇ ਜਾਂਚ ਨੂੰ ਸਿਆਸਤ ਤੋਂ ਪ੍ਰੇਰਿਤ ਦੱਸਿਆ



ਮਾਲੇ, 17 ਦਸੰਬਰ (ਪੋਸਟ ਬਿਊਰੋ)- ਭ੍ਰਿਸ਼ਟਾਚਾਰ ਦੇ ਕੇਸਾਂ ਵਿੱਚ ਪੁਲਸ ਦੀ ਪੁੱਛਗਿੱਛ ਉੱਤੇ ਮਾਲਦੀਵ ਦੇ ਸਾਬਕਾ ਰਾਸ਼ਟਰਪਤੀ ਅਬਦੁੱਲਾ ਯਾਮੀਨ ਨੇ ਕਿਹਾ ਹੈ ਕਿ ਉਹ ਸਭ ਸਿਆਸਤ ਤੋਂ ਪ੍ਰੇਰਿਤ ਹੈ। ਬੈਂਕ ਵਿੱਚ ਜੋ ਰਕਮ ਜਮ੍ਹਾ ਹੈ ਅਤੇ ਜੋ ਧਨ ਦੂਸਰਟ ਖਾਤਿਆਂ ਵਿੱਚ ਭੇਜਿਆ ਗਿਆ ਹੈ, ਉਹ ਆਮ ਲੈਣ-ਦੇਣ ਹੈ। ਇਹ ਪੈਸਾ ਨਸ਼ੀਲੇ ਪਦਾਰਥਾਂ ਜਾਂ ਦਲਾਲੀ ਤੋਂ ਕਮਾਇਆ ਹੋਇਆ ਨਹੀਂ ਅਤੇ ਲਾਏ ਗਏ ਦੋਸ਼ ਫਜ਼ੂਲ ਹਨ।

ਯਾਮੀਨ ਨੇ ਇਹ ਗੱਲ ਅਲ-ਜਜੀਰਾ ਨਿਊਜ਼ ਚੈਨਲ ਨਾਲ ਗੱਲਬਾਤ ਵਿੱਚ ਕਹੀ ਹੈ। ਮਾਲਦੀਵ ਪੁਲਸ ਨੇ ਸ਼ਨੀਵਾਰ ਨੂੰ ਯਾਮੀਨ ਦੇ ਬੈਂਕ ਖਾਤਿਆਂ ਤੋਂ ਲੈਣ-ਦੇਣ 'ਤੇ ਰੋਕ ਲਾ ਦਿੱਤੀ ਹੈ। ਇਨ੍ਹਾਂ ਖਾਤਿਆਂ ਵਿੱਚ 66 ਲੱਖ ਡਾਲਰ ਦੀ ਰਕਮ ਹੈ। ਰਾਸ਼ਟਰਪਤੀ ਅਹੁਦਾ ਛੱਡਣ ਤੋਂ ਪਹਿਲਾਂ ਯਾਮੀਨ ਨੇ ਇੰਨੀ ਵੱਡੀ ਰਕਮ ਨੂੰ ਹੋਰਨਾਂ ਖਾਤਿਆਂ ਵਿੱਚ ਟਰਾਂਸਫਰ ਵੀ ਕੀਤਾ ਸੀ। ਚੋਣ ਪ੍ਰਕਿਰਿਆ ਦੌਰਾਨ ਬੈਂਕ ਖਾਤੇ 'ਚੋਂ ਧਨ ਦਾ ਟਰਾਂਸਫਰ ਮਾਲਦੀਵ ਦੇ ਚੋਣ ਸੰਬੰਧੀ ਕਾਨੂੰਨ ਦੀ ਉਲੰਘਣਾ ਵੀ ਹੈ। ਯਾਸੀਨ ਨੇ ਆਪਣੇ ਉੱਤੇ ਲੱਗੇ ਸਾਰੇ ਦੋਸ਼ਾਂ ਦਾ ਖੰਡਨ ਕੀਤਾ ਤੇ ਖੁਦ ਨੂੰ ਪੂਰੀ ਤਰ੍ਹਾਂ ਪਾਕ-ਸਾਫ ਦੱਸਿਆ ਹੈ। ਉਹ ਸਤੰਬਰ ਵਿੱਚ ਹੋਈਆਂ ਚੋਣਾਂ ਵਿੱਚ ਹਾਰ ਗਏ ਸਨ। ਇਸ ਤੋਂ ਪਹਿਲਾਂ ਉਨ੍ਹਾਂ ਨੇ ਸਾਰੇ ਪ੍ਰਮੁੱਖ ਵਿਰੋਧੀ ਨੇਤਾਵਾਂ ਨੂੰ ਜੇਲ੍ਹ ਵਿੱਚ ਸੁੱਟ ਦਿੱਤਾ ਸੀ ਅਤੇ ਦੇਸ਼ ਵਿੱਚ ਐਮਰਜੈਂਸੀ ਲਾ ਦਿੱਤੀ ਸੀ। ਭ੍ਰਿਸ਼ਟਾਚਾਰ ਦੇ ਦੋਸ਼ਾਂ ਬਾਰੇ ਸ਼ਨੀਵਾਰ ਨੂੰ ਪੁਲਸ ਨੇ ਯਾਮੀਨ ਤੋਂ ਪੁੱਛਗਿੱਛ ਕੀਤੀ ਸੀ। ਉਨ੍ਹਾਂ 'ਤੇ ਚੋਣਾਂ ਦੌਰਾਨ 15 ਲੱਖ ਡਾਲਰ ਦੀ ਨਾਜਾਇਜ਼ ਰਾਸ਼ੀ ਲੈਣ ਦਾ ਦੋਸ਼ ਹੈ। ਇਹ ਧਨ ਕਿਸੇ ਨਿੱਜੀ ਕੰਪਨੀ ਦੇ ਖਾਤੇ 'ਚੋਂ ਦਿੱਤਾ ਗਿਆ। ਇਸ ਬਾਰੇ ਦੇਸ਼ ਦੇ ਰਿਜ਼ਰਵ ਬੈਂਕ ਨੇ ਪੁਲਸ ਵਿੱਚ ਸ਼ਿਕਾਇਤ ਦਰਜ ਕਰਾਈ ਹੈ। ਯਾਮੀਨ 'ਤੇ ਗਲਤ ਢੰਗ ਨਾਲ ਚੀਨ ਦੀਆਂ ਕੰਪਨੀਆਂ ਨੂੰ ਫਾਇਦਾ ਪਹੁੰਚਾਉਣ ਦੇ ਕਈ ਦੋਸ਼ ਹਨ।

## ਤਲਾਕ ਦੇ ਬਾਅਦ ਲਿਵ ਇਨ ਰਿਲੇਸ਼ਨ ਵਿੱਚ ਰਹਿੰਦੀ ਔਰਤ ਵੱਲੋਂ ਖੁਦਕੁਸ਼ੀ



ਸੁਨਾਮ, 17 ਦਸੰਬਰ (ਪੋਸਟ ਬਿਊਰੋ)- ਲਿਵ ਇਨ ਰਿਲੇਸ਼ਨ ਵਿੱਚ ਰਹਿ ਰਹੀ ਔਰਤ ਨੇ ਫਾਹਾ ਲੈ ਕੇ ਖੁਦਕੁਸ਼ੀ ਕਰ ਲਈ ਹੈ। ਉਸ ਦਾ ਤਿੰਨ ਮਹੀਨੇ ਪਹਿਲਾਂ ਪੰਚਾਇਤੀ ਤੌਰ 'ਤੇ ਆਪਣੇ ਪਤੀ ਨਾਲ ਤਲਾਕ ਹੋਇਆ ਸੀ। ਦੋਸ਼ ਲਾਇਆ ਗਿਆ ਹੈ ਕਿ ਨੌਜਵਾਨ ਨੇ ਪਹਿਲਾਂ ਨਾਜਾਇਜ਼ ਸੰਬੰਧ ਬਣਾ ਲਏ, ਪਰ ਉਸ ਨੂੰ ਬਤੌਰ ਪਤਨੀ ਨਹੀਂ ਰੱਖਿਆ, ਜਿਸ ਤੋਂ ਪ੍ਰੇਸ਼ਾਨ ਹੋ ਕੇ ਉਸ ਨੇ ਖੁਦਕੁਸ਼ੀ ਕੀਤੀ ਹੈ। ਪੁਲਸ ਨੇ ਨੌਜਵਾਨ ਦੇ ਖਿਲਾਫ ਕੇਸ ਦਰਜ ਕਰ ਲਿਆ ਹੈ।

ਸਾਈਂ ਕਲੋਨੀ ਦੇ ਇੱਕ ਵਿਅਕਤੀ ਨੇ ਦੱਸਿਆ ਕਿ ਉਸ ਦੀ 28 ਸਾਲ ਦੀ ਬੇਟੀ ਦਾ ਵਿਆਹ ਸੰਗਰੂਰ ਦੇ ਸੁਖਦੇਵ ਸਿੰਘ ਨਾਲ ਹੋਇਆ ਸੀ। ਉਸ ਦੀ ਬੇਟੀ ਦਾ ਦੋ ਸਾਲ ਦਾ ਲੜਕਾ ਹੈ। ਕਰੀਬ ਤਿੰਨ ਮਹੀਨੇ ਪਹਿਲਾਂ ਉਸ ਦਾ ਪੰਚਾਇਤੀ ਤੌਰ 'ਤੇ ਆਪਣੇ ਪਤੀ ਨਾਲ ਤਲਾਕ ਹੋ ਜਾਣ ਦੇ ਬਾਅਦ ਉਹ ਸੁਨਾਮ ਵਿੱਚ ਕਿਰਾਏ ਦੇ ਮਕਾਨ ਵਿੱਚ ਰਹਿਣ ਲੱਗੀ। ਚਾਰ ਮਹੀਨੇ ਪਹਿਲਾਂ ਸੁਨਾਮ ਦੇ ਅਮਨਦੀਪ ਉਰਫ ਕਾਲਾ ਨਾਲ ਉਸ ਦੇ ਸੰਬੰਧ ਬਣ ਗਏ। ਸ਼ਨੀਵਾਰ ਰਾਤ ਅਮਨਦੀਪ ਦਾ ਉਸ ਦੀ ਛੋਟੀ ਬੇਟੀ ਨੂੰ ਫੋਨ ਆਇਆ ਕਿ ਉਸ ਦੀ ਭੈਣ ਦੇ ਦਿਲ ਦੀ ਧੜਕਣ ਵਧ ਗਈ ਹੈ, ਉਹ ਉਸ ਨੂੰ ਰਾਜੀਵ ਸਿੰਗਲਾ ਹਸਪਤਾਲ ਲੈ ਕੇ ਜਾ ਰਿਹਾ ਹੈ। ਹਸਪਤਾਲ ਵਿੱਚ ਪਹੁੰਚੇ ਤਾਂ ਉਸ ਦੀ ਮੌਤ ਹੋ ਚੁੱਕੀ ਸੀ ਤੇ ਅਮਨਦੀਪ ਫਰਾਰ ਹੋ ਗਿਆ ਸੀ। ਬੇਟੀ ਦੇ ਗਲੇ ਉੱਤੇ ਰੱਸੀ ਦੇ ਨਿਸ਼ਾਨ ਸਨ। ਮ੍ਰਿਤਕ ਲੜਕੀ ਦੀ ਭੈਣ ਨੇ ਦੱਸਿਆ ਕਿ ਅਮਨਦੀਪ ਪਿੰਡ ਛਾਜਲੀ ਵਿੱਚ ਡੈਂਟਲ ਕਲੀਨਿਕ ਚਲਾਉਂਦਾ ਹੈ। ਉਹ ਉਸ ਦੀ ਭੈਣ ਦੇ ਨਾਲ ਲਿਵ ਇਨ ਰਿਲੇਸ਼ਨ ਵਿੱਚ ਰਹਿ ਰਿਹਾ ਸੀ। ਉਨ੍ਹਾਂ ਨੇ ਦੋਸ਼ ਲਾਇਆ ਕਿ ਕਿਸੇ ਗੱਲ ਤੋਂ ਅਮਨਦੀਪ ਨੇ ਜ਼ਰੂਰ ਉਸ ਦੀ ਭੈਣ ਨੂੰ ਪ੍ਰੇਸ਼ਾਨ ਕੀਤਾ ਹੋਵੇਗਾ ਕਿ ਉਸਨੇ ਖੁਦਕੁਸ਼ੀ ਕੀਤੀ ਹੈ।


**Machine Operators Required**

ਇਸ ਐਂਟਰੀ ਲੈਵਲ ਜੌਬ ਨਾਲ ਆਪਣੀ ਟੈਕਨੀਕਲ ਮੁਹਾਰਤ ਵਿੱਚ ਵਾਧਾ ਕਰੋ ਅਤੇ ਇਸ ਕੰਮ ਦਾ ਤਜ਼ਰਬਾ ਪ੍ਰਾਪਤ ਕਰੋ।

- ਕਿਸੇ ਕਿਸਮ ਦੇ ਪਹਿਲੇ ਤਜ਼ਰਬੇ ਦੀ ਲੋੜ ਨਹੀਂ
- ਅਸੀਂ ਤੁਹਾਨੂੰ ਪੂਰੀ ਟਰੇਨਿੰਗ ਦਿਆਂਗੇ
- ਪੱਕੇ ਘੰਟਿਆਂ ਵਾਲਾ ਪੱਕਾ ਕੰਮ

**Duties & Responsibilities**

- Assemble, load and unload production parts
- lifting up to 20 lbs
- Operate on 2-3 CNC machines at one time.
